# ਬਜ਼ੁਰਗਾਂ ਦੀ ਤੰਦਰੁਸਤ ਰਹਿਣ ਵਿਚ ਮਦਦ ਕਰਨਾ



# ਬ੍ਰਿਟਿਸ਼ ਕੋਲੰਬੀਆ ਦੇ ਬਜ਼ੁਰਗਾਂ ਲਈ ਗਾਈਡ

ਅੱਠਵਾਂ ਐਡੀਸ਼ਨ

BRITISH COLUMBIA
The Best Place on Earth

# ਨਿੱਜੀ ਰਿਕਾਰਡ ਅਤੇ ਐਮਰਜੰਸੀ ਨੰਬਰ

ਨਾਂ ______________________________

ਐਡਰੈਸ ______________________________

ਸ਼ਹਿਰ ______________________________

ਪੋਸਟਲ ਕੋਡ ______________________________

ਟੈਲੀਫੋਨ ______________________________

ਬੀ.ਸੀ. ਗੋਲਡ ਕੇਅਰਕਾਰਡ ਨੰਬਰ ______________________________

ਓਲਡ ਏਜ ਸਕਿਉਰਟੀ ਨੰਬਰ ______________________________

ਨੇੜਲੇ ਵਿਅਕਤੀਆਂ ਅਤੇ ਸਥਾਨਾਂ ਦੇ ਨਾਂ ਅਤੇ ਟੈਲੀਫੋਨ:

ਰਿਸ਼ਤੇਦਾਰ ______________________________

ਦੋਸਤ ______________________________

ਗ੍ਰੰਥੀ ਜਾਂ ਪੰਡਤ ਜਾਂ ਮੌਲਵੀ ______________________________

ਡਾਕਟਰ ______________________________

ਫਾਰਮੇਸੀ ______________________________

ਹੈੱਲਥ ਯੂਨਿਟ ______________________________

ਵਕੀਲ ______________________________

ਐਂਬੂਲੈਂਸ ______________________________

ਫਾਇਰ ਡਿਪਾਰਟਮੈਂਟ ______________________________

ਪੁਲੀਸ ______________________________

ਲਾਇਬਰੇਰੀ ਐਂਡ ਆਰਕਾਇਵਜ਼ ਕੈਨੇਡਾ ਨੇ ਇਸ ਲਿਖਤ ਨੂੰ ਅੱਗੇ ਦੱਸੇ ਮੁਤਾਬਕ ਕੈਟਾਲੌਗ ਕੀਤਾ ਹੈ:
ਮੁੱਖ ਇੰਟਰੀ ਇਸ ਟਾਇਟਲ ਥੱਲੇ:
BC seniors' guide : programs & benefits for British
Columbia's seniors

"Helping seniors live well"—Cover.
"8th edition"
Previously issued as :Information for seniors / Ministry of Community, Aboriginal and Women's Services. – 7th ed. – 2005.
ISBN 0-7726-5493-X

1. Older people – Services for – British Columbia – Handbooks, manuals, etc. 2. Older people – Services for – British Columbia – Directories. I. British Columbia. Ministry of Community Services. II. Title: Programs and benefits for British Columbia's seniors. III. Title: Title: Information for seniors.

HV1475B7B74 2006 362.6'09711 C2006-960020-1

# ਪ੍ਰੀਮੀਅਰ ਗੋਰਡਨ ਕੈਂਬਲ ਵਲੋਂ ਸੁਨੇਹਾ

ਬ੍ਰਿਟਿਸ਼ ਕੋਲੰਬੀਆ ਦੇ ਅਨੇਕ ਤਰ੍ਹਾਂ ਦੇ ਬਜ਼ੁਰਗਾਂ ਦੀ ਵਧ ਰਹੀ ਆਬਾਦੀ ਸਾਡੀਆਂ ਕਮਿਊਨਟੀਆਂ ਅਤੇ ਸਾਡੇ ਸੂਬੇ ਲਈ ਵਾਲੰਟੀਅਰਾਂ, ਸੰਭਾਲ ਕਰਨ ਵਾਲਿਆਂ, ਅਧਿਆਪਕਾਂ ਅਤੇ ਉਸਤਾਦਾਂ ਵਜੋਂ ਬਹੁਤ ਹੀ ਮਹੱਤਵਪੂਰਨ ਹੈ। ਸੂਬਾ ਇਹ ਯਕੀਨੀ ਬਣਾਉਣਾ ਚਾਹੁੰਦਾ ਹੈ ਕਿ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਨੂੰ ਉਨ੍ਹਾਂ ਵਿਸ਼ਿਆਂ ਬਾਰੇ ਜਾਣਕਾਰੀ ਪ੍ਰਾਪਤ ਹੋਵੇ ਜੋ ਵਿਸ਼ੇ ਬਜ਼ੁਰਗਾਂ ਲਈ ਮਹੱਤਵਪੂਰਨ ਹਨ।

ਇਸੇ ਕਰਕੇ ਅਸੀਂ ਬਜ਼ੁਰਗਾਂ ਲਈ ਗਾਈਡ ਦਾ ਇਹ ਨਵਾਂ ਐਡੀਸ਼ਨ ਤਿਆਰ ਕੀਤਾ ਹੈ, ਜਿਸ ਵਿਚ ਬ੍ਰਿਟਿਸ਼ ਕੋਲੰਬੀਆ ਦੇ ਬਜ਼ੁਰਗਾਂ ਲਈ ਮੌਜੂਦ ਪ੍ਰੋਗਰਾਮਾਂ ਅਤੇ ਭੱਤਿਆਂ ਬਾਰੇ ਮਦਦ ਕਰਨ ਵਾਲੀ ਜਾਣਕਾਰੀ ਹੈ।

ਇਸ ਗਾਈਡ ਤੋਂ ਇਲਾਵਾ, ਸਾਡੀ ਸਰਕਾਰ ਬੀ ਸੀ ਸੀਨੀਅਰਜ਼ ਲਾਈਨ ਵੀ ਚਲਾਉਂਦੀ ਹੈ। ਇਹ ਲਾਈਨ ਇਕ ਮੁਫਤ ਟੈਲੀਫੋਨ ਲਾਈਨ ਹੈ ਜਿਹੜੀ ਕਿ ਸਰਕਾਰੀ ਸੇਵਾਵਾਂ ਬਾਰੇ ਇੱਕੋ ਥਾਂ ਤੋਂ ਜਾਣਕਾਰੀ ਦਿੰਦੀ ਹੈ, ਜਿਸ ਵਿਚ ਸਿਹਤ ਨਾਲ ਸੰਬੰਧਿਤ ਸੇਵਾਵਾਂ ਬਾਰੇ ਜਾਣਕਾਰੀ ਵੀ ਸ਼ਾਮਲ ਹੈ।

**ਬੀ ਸੀ ਸੀਨੀਅਰਜ਼ ਲਾਈਨ ਨਾਲ ਸੰਪਰਕ ਕਰਨ ਲਈ 1 800 465-4911 ’ਤੇ ਜਾਂ ਵਿਕਟੋਰੀਆ ਵਿਚ 250 952-1742 ’ਤੇ ਫੋਨ ਕਰੋ।**

ਤੁਸੀਂ ਇਹ ਗਾਈਡ ਸਾਡੇ ਬੀ ਸੀ ਸੀਨੀਅਰਜ਼ ਵੈੱਬਸਾਈਟ ’ਤੇ ਵੀ ਦੇਖ ਸਕਦੇ ਹੋ ਜਿਸ ਦਾ ਐਡਰੈਸ www.gov.bc.ca/seniors ਹੈ। ਇਸ ਗਾਈਡ ਵਿਚ ਦਿੱਤੀ ਜਾਣਕਾਰੀ ਵਿਚ ਆਈਆਂ ਕੋਈ ਵੀ ਤਬਦੀਲੀਆਂ ਵੀ ਇਸ ਵੈੱਬਸਾਈਟ ’ਤੇ ਦਿੱਤੀਆਂ ਜਾਣਗੀਆਂ।

ਸੂਬਾਈ ਸਰਕਾਰ ਬਜ਼ੁਰਗਾਂ ਨੂੰ ਉਹ ਮਦਦ ਅਤੇ ਸੰਭਾਲ ਪ੍ਰਦਾਨ ਕਰਨਾ ਜਾਰੀ ਰੱਖ ਰਹੀ ਹੈ ਜਿਸ ਦੀ ਤੁਹਾਨੂੰ ਤੰਦਰੁਸਤ, ਸਰਗਰਮ ਰਹਿਣ ਅਤੇ ਆਪਣੇ ਇਲਾਕਿਆਂ ਵਿਚ ਯੋਗਦਾਨ ਪਾਉਣ ਵਾਲੇ ਮੈਂਬਰ ਬਣੇ ਰਹਿਣ ਲਈ ਲੋੜ ਹੈ।

ਸੱਚੇ ਦਿਲੋਂ

ਪ੍ਰੀਮੀਅਰ ਗੋਰਡਨ ਕੈਂਬਲ

# ਵਿਸ਼ੇ-ਸੂਚੀ


ਪ੍ਰੀਮੀਅਰ ਗੋਰਡਨ ਕੈਂਬਲ ਵਲੋਂ ਸੁਨੇਹਾ 2
**ਵਿਸ਼ੇ-ਸੂਚੀ 3**
**ਸਿਹਤ ਸੇਵਾਵਾਂ 9**
ਮਰੀਜ਼ਾਂ ਦੀ ਸੰਭਾਲ ਅਤੇ ਸਿਹਤ ਵਿਚ ਸੱਭ ਤੋਂ ਵਧੀਆ 10
ਬ੍ਰਿਟਿਸ਼ ਕੋਲੰਬੀਆ ਦਾ ਸਿਹਤ ਸੰਭਾਲ ਸਿਸਟਮ 11
ਬ੍ਰਿਟਿਸ਼ ਕੋਲੰਬੀਆ ਵਿਚ ਹੈੱਲਥ ਅਥਾਰਟੀਜ਼ 12
ਬੀ ਸੀ ਹੈੱਲਥਗਾਈਡ ਪ੍ਰੋਗਰਾਮ 13
ਬੀ ਸੀ ਹੈੱਲਥਗਾਈਡ 13
ਬੀ ਸੀ ਨਰਸਲਾਈਨ 14
ਬੀ ਸੀ ਹੈੱਲਥਗਾਈਡ ਔਨਲਾਈਨ 14
ਬੀ ਸੀ ਹੈੱਲਥਫਾਇਲਜ਼ 14
ਮੈਡੀਕਲ ਸਰਵਿਸਿਜ਼ ਪਲੈਨ 15
ਮੈਡੀਕਲ ਫਾਇਦੇ 16
ਐੱਮ ਐੱਸ ਪੀ ਨਾਲ ਸੰਪਰਕ ਕਰਨਾ 16
ਸਿਰਫ ਮੈਡੀਕਲ ਸੇਵਾਵਾਂ 17
ਟਰੈਵਲ ਅਸਿਸਟੈਂਸ ਪ੍ਰੋਗਰਾਮ 17
ਅਕਿਊਟ, ਹੋਮ ਅਤੇ ਕਮਿਉਨਟੀ ਕੇਅਰ ਸੇਵਾਵਾਂ 18
ਅਕਿਊਟ ਕੇਅਰ 18
ਘਰ ਅਤੇ ਕਮਿਉਨਟੀ ਵਿਚ ਸੰਭਾਲ 19
ਘਰ ਅਤੇ ਕਮਿਉਨਟੀ ਵਿਚ ਸੰਭਾਲ ਦੀਆਂ ਸੇਵਾਵਾਂ 19
ਕੌਣ ਹੱਕਦਾਰ ਹੈ 20
ਸੇਵਾਵਾਂ ਲੈਣਾ 20
ਕੇਸ ਦਾ ਪ੍ਰਬੰਧ ਅਤੇ ਕੇਅਰ ਕੋ-ਆਰਡੀਨੇਸ਼ਨ 21
ਘਰ ਵਿਚ ਸਹਾਇਤਾ 21
ਆਜ਼ਾਦ ਰਹਿਣੀ ਲਈ ਸਹਾਇਤਾ ਵਿੱਚੋਂ ਚੋਣ (ਸੀ ਐੱਸ ਆਈ ਐੱਲ) 21
ਹੋਮ ਕੇਅਰ ਨਰਸਿੰਗ ਅਤੇ ਕਮਿਉਨਟੀ ਰੀਹੈਬਲੀਟੇਸ਼ਨ ਸੇਵਾਵਾਂ 22
ਅਡੱਲਟ ਡੇਅ ਸੈਂਟਰ 22
ਸੰਭਾਲ ਕਰਨ ਵਾਲਿਆਂ ਨੂੰ ਰਾਹਤ/ਛੁੱਟੀ 22
ਸਹਾਇਕ ਰਹਿਣੀ 23
ਰਿਹਾਇਸ਼ੀ ਸੰਭਾਲ 23
ਗਰੁੱਪ ਹੋਮਜ਼ 24
ਫੈਮਿਲੀ ਕੇਅਰ ਹੋਮਜ਼ 24
ਜ਼ਿੰਦਗੀ ਦੇ ਅੰਤ ਦੇ ਨੇੜੇ ਸੰਭਾਲ 24

# ਵਿਸ਼ੇ–ਸੂਚੀ


ਹੌਸਪਿਸ 25
ਬੀ ਸੀ ਪੈਲੀਏਟਿਵ ਕੇਅਰ ਬੈਨੇਫਿਟਸ ਪ੍ਰੋਗਰਾਮ 25
ਜ਼ਿਆਦਾ ਜਾਣਕਾਰੀ ਲਈ 25
ਫਾਰਮਾਕੇਅਰ 25
ਬੀ.ਸੀ. ਦੀ ਫੇਅਰ ਫਾਰਮਾਕੇਅਰ ਪਲੈਨ 25
ਮਹੀਨੇ ਬਾਅਦ ਕਟੌਤੀਆਂ ਕਰਵਾਉਣ ਦੀ ਚੋਣ 26
ਫੇਅਰ ਫਾਰਮਾਕੇਅਰ ਲਈ ਰਜਿਸਟਰ ਹੋਣਾ 26
ਜ਼ਿਆਦਾ ਜਾਣਕਾਰੀ ਲਈ 27
ਮਾਨਸਿਕ ਸਿਹਤ ਦੀਆਂ ਅਤੇ ਨਸ਼ਿਆਂ ਨਾਲ ਸੰਬੰਧਿਤ ਸੇਵਾਵਾਂ 27
ਸੰਕਟ ਵੇਲੇ ਦਖਲਅੰਦਾਜ਼ੀ ਕਰਨ ਅਤੇ ਆਤਮਹੱਤਿਆ ਤੋਂ
ਰੋਕਥਾਮ ਲਈ ਬ੍ਰਿਟਿਸ਼ ਕੋਲੰਬੀਆ ਦਾ ਸੈਂਟਰ 28
ਬੀ.ਸੀ. ਅਲਕੋਹਲ ਐਂਡ ਡਰੱਗ ਇਨਫਰਮੇਸ਼ਨ ਐਂਡ ਰੈਫਰੈਲ ਸਰਵਿਸ 28
ਮਾਨਸਿਕ ਸਿਹਤ ਅਤੇ ਨਸ਼ਿਆਂ ਦੀ ਜਾਣਕਾਰੀ ਲਈ ਬੀ ਸੀ ਦੇ ਭਾਈਵਾਲ 29
ਸੈਂਟਰ ਫਾਰ ਅਡਿਕਸ਼ਨ ਰੀਸਰਚ ਆਫ ਬੀ ਸੀ 29
ਬ੍ਰਿਟਿਸ਼ ਕੋਲੰਬੀਆ ਐਂਬੂਲੈਂਸ ਸਰਵਿਸ 29
ਪਬਲਿਕ ਹੈੱਲਥ 30
ਖੁਰਾਕ ਬਾਰੇ ਜਾਣਕਾਰੀ 31
ਲੋੜਿਆਂ ਦੀਆਂ ਸੇਵਾਵਾਂ 31
ਡਿੱਗਣ ਤੋਂ ਰੋਕਥਾਮ ਬਾਰੇ ਜਾਣਕਾਰੀ 32
ਕਰੌਨਿਕ ਡਿਜ਼ੀਜ਼ ਸੈੱਲਫ–ਮੈਨੇਜਮੈਂਟ ਪ੍ਰੋਗਰਾਮ 32
**ਰਿਹਾਇਸ਼ 33**
ਅਨੇਕ ਤਰ੍ਹਾਂ ਦੇ ਬਜ਼ੁਰਗਾਂ ਦੀ ਆਬਾਦੀ ਲਈ ਰਿਹਾਇਸ਼ ਦੀਆਂ ਚੋਣਾਂ 33
ਕਿਰਾਏ ਤੇ ਰਹਿੰਦੇ ਬਜ਼ੁਰਗਾਂ ਲਈ ਸਹਾਇਤਾ (ਸੇਫਰ) 34
ਬਜ਼ੁਰਗਾਂ ਲਈ ਹੋਮ ਓਨਰ ਗਰਾਂਟ 34
ਪ੍ਰਾਪਰਟੀ ਟੈਕਸ ਨੂੰ ਮੁਲਤਵੀ ਕਰਨਾ 35
ਇੰਡੀਪੈਂਡਿੰਟ ਲਿਵਿੰਗ ਬੀ ਸੀ 36
ਹੱਕਦਾਰੀ ਅਤੇ ਅਰਜ਼ੀ ਦੇਣਾ 37
ਬਜ਼ੁਰਗਾਂ ਲਈ ਵਾਰਾ ਖਾਣ ਯੋਗ ਰਿਹਾਇਸ਼ 37
ਘਰ ਨੂੰ ਬਜ਼ੁਰਗਾਂ ਦੇ ਆਜ਼ਾਦ ਰਹਿਣ ਲਈ ਅਨੁਕੂਲ ਬਣਾਉਣ ਦਾ ਪ੍ਰੋਗਰਾਮ 39
ਰੈਜ਼ੀਡੈਂਸ਼ਲ ਰੀਹੈਬਲੀਟੇਸ਼ਨ ਅਸਿਸਟੈਂਸ ਪ੍ਰੋਗਰਾਮ 40
ਰੈਜ਼ੀਡੈਂਸ਼ਲ ਟੈਨੇਸੀ ਆਫਿਸ 41
ਬਜ਼ੁਰਗਾਂ ਲਈ ਰਿਹਾਇਸ਼ਾਂ ਬਾਰੇ ਜਾਣਕਾਰੀ ਦੇਣ ਦਾ ਪ੍ਰੋਗਰਾਮ 41

# ਵਿਸ਼ੇ-ਸੂਚੀ


**ਆਵਾਜਾਈ** **43**

ਬਜ਼ੁਰਗਾਂ ਦੀ ਸਰਗਰਮ ਰਹਿਣ ਵਿਚ ਮਦਦ ਕਰਨ ਲਈ ਆਵਾਜਾਈ ਦੀਆਂ ਚੋਣਾਂ 43

ਬਜ਼ੁਰਗਾਂ ਨੂੰ ਬੱਸਾਂ ਦੇ ਕਿਰਾਇਆਂ ਵਿਚ ਛੋਟ 44

ਬੱਸ ਪਾਸ ਪ੍ਰੋਗਰਾਮ 44

ਹੈਂਡੀਡਾਰਟ ਕਸਟਮ ਟ੍ਰਾਂਜ਼ਿਟ 45

ਟੈਕਸੀ ਸੇਵਰ ਪ੍ਰੋਗਰਾਮ 46

ਕਮਿਊਨਟੀ ਟਰੈਵਲ ਟਰੇਨਿੰਗ ਪ੍ਰੋਗਰਾਮ - ਵਿਕਟੋਰੀਆ 47

ਫੈਰੀ ਕਿਰਾਏ - ਬੀ ਸੀ ਫੈਰੀਜ਼ 47

ਇਨਲੈਂਡ ਫੈਰੀਆਂ 47

ਬਜ਼ੁਰਗਾਂ ਨੂੰ ਗੱਡੀਆਂ ਦੀ ਇਨਸ਼ੋਰੈਂਸ ਵਿਚ ਰਿਆਇਤ (ਡਿਸਕਾਊਂਟ) 48

ਡਰਾਇਵਰ ਲਾਇਸੈਂਸ 48

ਡਰਾਇਵਰ ਇਮਤਿਹਾਨ ਅਤੇ ਮੈਡੀਕਲ ਰਿਪੋਰਟਾਂ 49

ਸਾਬਕਾ ਫੌਜੀਆਂ ਲਈ ਲਾਇਸੰਸ ਪਲੇਟਾਂ 50

ਐਲਡਰਜ਼ ਟ੍ਰਾਂਸਪੋਰਟੇਸ਼ਨ ਪ੍ਰੋਗਰਾਮ 51

**ਵਿੱਤੀ ਮਾਮਲੇ** **53**

ਬਜ਼ੁਰਗਾਂ ਦੇ ਗੁਜ਼ਾਰੇ ਵਿਚ ਉਨ੍ਹਾਂ ਦੀ ਮਦਦ ਕਰਨਾ 53

**ਫੈਡਰਲ ਪ੍ਰੋਗਰਾਮ** 54

ਆਮਦਨ ਸੁਰੱਖਿਆ - ਪੈਨਸ਼ਨਾਂ 54

ਓਲਡ ਏਜ ਸਕਿਉਰਟੀ ਪੈਨਸ਼ਨ 54

ਗਾਰੰਟਿਡ ਇਨਕਮ ਸਪਲੀਮੈਂਟ 54

ਅਲਾਊਂਸ/ਅਲਾਊਂਸ ਫਾਰ ਦਾ ਸਰਵਾਈਵਰ 55

ਕੈਨੇਡਾ ਪੈਨਸ਼ਨ ਪਲੈਨ 55

ਇਮਪਲੌਏਮੈਂਟ ਇਨਸ਼ੋਰੈਂਸ ਬੈਨੇਫਿਟਸ 56

ਵੈਟਰਨਜ਼ ਅਫੇਅਰਜ਼ ਕੈਨੇਡਾ 57

ਫੈਡਰਲ ਨੌਨ-ਰੀਫੰਡੇਬਲ ਟੈਕਸ ਕਰੈਡਿਟ 57

ਉਮਰ ਮੁਤਾਬਕ ਰਕਮ 57

ਪੈਨਸ਼ਨ ਦੀ ਆਮਦਨ 58

ਪਤਨੀ/ਪਤੀ ਤੋਂ ਤਬਾਦਲਾ ਕੀਤੀਆਂ ਰਕਮਾਂ 58

ਹੋਰ ਰਕਮਾਂ 58

ਗੁੱਡਜ਼ ਐਂਡ ਸਰਵਿਸਿਜ਼ ਟੈਕਸ ਕਰੈਡਿਟ 58

**ਸੂਬਾਈ ਪ੍ਰੋਗਰਾਮ** 59

ਸੀਨੀਅਰਜ਼ ਸਪਲੀਮੈਂਟ 59

# ਵਿਸ਼ੇ-ਸੂਚੀ


ਬ੍ਰਿਟਿਸ਼ ਕੋਲੰਬੀਆ ਸੇਲਜ਼ ਟੈਕਸ ਕਰੈਡਿਟ 59
ਜਿਨ੍ਹਾਂ ਬਜ਼ੁਰਗਾਂ ਨੂੰ ਓਲਡ ਏਜ ਸਕਿਓਰਟੀ ਨਹੀਂ ਮਿਲਦੀ ਉਨ੍ਹਾਂ ਲਈ ਆਮਦਨ ਸਹਾਇਤਾ 60

**ਰਹਿਣੀ-ਬਹਿਣੀ 61**

ਬਜ਼ੁਰਗਾਂ ਲਈ ਜ਼ਿੰਦਗੀ ਦਾ ਸ਼ਾਨਦਾਰ ਪੱਧਰ 61
ਪੜ੍ਹਾਈ 62
ਪੋਸਟ-ਸੈਕੰਡਰੀ ਟਿਊਸ਼ਨ 62
ਅੰਗਰੇਜ਼ੀ ਬੋਲੀ ਦੀ ਟਰੇਨਿੰਗ 62
ਮਨਬਹਿਲਾਵਾ 62
ਬਜ਼ੁਰਗਾਂ ਲਈ ਸ਼ਿਕਾਰ ਖੇਡਣ ਅਤੇ ਮੱਛੀਆਂ ਫੜਣ ਦੇ ਲਾਇਸੰਸ 62
ਕੈਂਪਿੰਗ ਦੀਆਂ ਫੀਸਾਂ ਵਿਚ ਰਿਆਇਤ 63
ਰੌਇਲ ਬੀ ਸੀ ਮਿਊਜ਼ੀਅਮ 63
ਬੀ ਸੀ ਦੇ ਬਜ਼ੁਰਗਾਂ ਲਈ ਖੇਡਾਂ 64

**ਨਿੱਜੀ ਸੁਰੱਖਿਆ 65**

ਹਿਫਾਜ਼ਤ ਅਤੇ ਮਦਦ ਜਦੋਂ ਬਜ਼ੁਰਗਾਂ ਨੂੰ ਲੋੜ ਹੋਵੇ 65
ਪਬਲਿਕ ਗਾਰਡੀਅਨ ਐਂਡ ਟਰੱਸਟੀ ਆਫ ਬ੍ਰਿਟਿਸ਼ ਕੋਲੰਬੀਆ 66
ਮਨਿਸਟਰੀ ਆਫ ਕਮਿਉਨਟੀ ਸਰਵਿਸਿਜ਼ - ਸਟੌਪਿੰਗ ਦਾ ਵਾਇਲੈਂਸ ਬਰਾਂਚ 66
ਬਜ਼ੁਰਗ ਔਰਤਾਂ ਲਈ ਸੁਰੱਖਿਅਤ ਘਰ 67
ਅਸਿਸਟਿਡ ਲਿਵਿੰਗ ਰਜਿਸਟਰਾਰ 67
ਪੀਪਲਜ਼ ਲਾਅ ਸਕੂਲ 68
ਲੀਗਲ ਸਰਵਿਸਜ਼ ਸੁਸਾਇਟੀ 68
ਜੁਰਮ ਤੋਂ ਰੋਕਥਾਮ, ਕਮਿਉਨਟੀ ਪੁਲੀਸ ਅਤੇ ਜੁਰਮ ਦਾ ਸ਼ਿਕਾਰ ਹੋਏ ਲੋਕਾਂ ਲਈ ਸੇਵਾਵਾਂ 69
ਖਪਤਕਾਰਾਂ ਦੀ ਸੁਰੱਖਿਆ 70
ਬੀ ਸੀ ਕੋਲੀਸ਼ਨ ਟੂ ਇਲੀਮੀਨੇਟ ਅਬਿਊਜ਼ ਆਫ ਸੀਨੀਅਰਜ਼ 70

**ਬਜ਼ੁਰਗਾਂ ਲਈ ਹੋਰ ਸਰਕਾਰੀ ਸੇਵਾਵਾਂ 73**

ਬਜ਼ੁਰਗਾਂ ਲਈ ਜਾਣਕਾਰੀ ਅਤੇ ਸੇਵਾਵਾਂ 73
**ਬੀ ਸੀ ਸੀਨੀਅਰਜ਼ ਲਾਈਨ 74**
ਸਰਵਿਸ ਬੀ ਸੀ 74
ਇਨਕੁਆਰੀ ਬੀ ਸੀ 74
ਸਰਵਿਸ ਬੀ ਸੀ ਸੈਂਟਰਜ਼ - ਗਵਰਮੈਂਟ ਏਜੰਟਸ 75
ਬੀ ਸੀ ਸੀਨੀਅਰਜ਼ ਵੈੱਬਸਾਈਟ 75

# ਵਿਸ਼ੇ-ਸੂਚੀ


ਵਧਾਈ ਦਾ ਸੁਨੇਹਾ 76

**ਡਾਇਰੈਕਟਰੀ** **77-104**

ਨੋਟ



# ਸਿਹਤ ਸੇਵਾਵਾਂ

## ਬਜ਼ੁਰਗਾਂ ਦੀ ਤੰਦਰੁਸਤ ਰਹਿਣ ਵਿਚ ਮਦਦ ਕਰਨਾ

# ਬਜ਼ੁਰਗਾਂ ਲਈ ਸੇਵਾਵਾਂ


**ਸਿਹਤ ਸੇਵਾਵਾਂ** **9**
ਮਰੀਜ਼ਾਂ ਦੀ ਸੰਭਾਲ ਅਤੇ ਸਿਹਤ ਵਿਚ ਸੱਭ ਤੋਂ ਵਧੀਆ 10
ਬ੍ਰਿਟਿਸ਼ ਕੋਲੰਬੀਆ ਦਾ ਸਿਹਤ ਸੰਭਾਲ ਸਿਸਟਮ 11
ਬ੍ਰਿਟਿਸ਼ ਕੋਲੰਬੀਆ ਵਿਚ ਹੈੱਲਥ ਅਥਾਰਟੀਜ਼ 12
ਬੀ ਸੀ ਹੈੱਲਥਗਾਈਡ ਪ੍ਰੋਗਰਾਮ 13
ਬੀ ਸੀ ਹੈੱਲਥਗਾਈਡ 13
ਬੀ ਸੀ ਨਰਸਲਾਈਨ 14
ਬੀ ਸੀ ਹੈੱਲਥਗਾਈਡ ਔਨਲਾਈਨ 14
ਬੀ ਸੀ ਹੈੱਲਥਫਾਇਲਜ਼ 14
ਮੈਡੀਕਲ ਸਰਵਿਸਿਜ਼ ਪਲੈਨ 15
ਮੈਡੀਕਲ ਫਾਇਦੇ 16
ਐੱਮ ਐੱਸ ਪੀ ਨਾਲ ਸੰਪਰਕ ਕਰਨਾ 16
ਸਿਰਫ ਮੈਡੀਕਲ ਸੇਵਾਵਾਂ 17
ਟਰੈਵਲ ਅਸਿਸਟੈਂਸ ਪ੍ਰੋਗਰਾਮ 17
ਅਕਿਊਟ, ਹੋਮ ਅਤੇ ਕਮਿਊਨਟੀ ਕੇਅਰ ਸੇਵਾਵਾਂ 18
ਅਕਿਊਟ ਕੇਅਰ 18
ਘਰ ਅਤੇ ਕਮਿਊਨਟੀ ਵਿਚ ਸੰਭਾਲ 19
ਘਰ ਅਤੇ ਕਮਿਊਨਟੀ ਵਿਚ ਸੰਭਾਲ ਦੀਆਂ ਸੇਵਾਵਾਂ 19
ਕੌਣ ਹੱਕਦਾਰ ਹੈ 20
ਸੇਵਾਵਾਂ ਲੈਣਾ 20
ਕੇਸ ਦਾ ਪ੍ਰਬੰਧ ਅਤੇ ਕੇਅਰ ਕੋ-ਆਰਡੀਨੇਸ਼ਨ 21
ਘਰ ਵਿਚ ਸਹਾਇਤਾ 21
ਆਜ਼ਾਦ ਰਹਿਣੀ ਲਈ ਸਹਾਇਤਾ ਵਿੱਚੋਂ ਚੋਣ (ਸੀ ਐੱਸ ਆਈ ਐੱਲ) 21
ਹੋਮ ਕੇਅਰ ਨਰਸਿੰਗ ਅਤੇ ਕਮਿਊਨਟੀ ਰੀਹੈਬਲੀਟੇਸ਼ਨ ਸੇਵਾਵਾਂ 22
ਅਡੱਲਟ ਡੇਅ ਸੈਂਟਰ 22
ਸੰਭਾਲ ਕਰਨ ਵਾਲਿਆਂ ਨੂੰ ਰਾਹਤ/ਛੁੱਟੀ 22
ਸਹਾਇਕ ਰਹਿਣੀ 23
ਰਿਹਾਇਸ਼ੀ ਸੰਭਾਲ 23
ਗਰੁੱਪ ਹੋਮਜ਼ 24
ਫੈਮਿਲੀ ਕੇਅਰ ਹੋਮਜ਼ 24
ਜ਼ਿੰਦਗੀ ਦੇ ਅੰਤ ਦੇ ਨੇੜੇ ਸੰਭਾਲ 24
ਹੋਸਪਿਸ 25
ਬੀ ਸੀ ਪੈਲੀਏਟਿਵ ਕੇਅਰ ਬੈਨੇਫਿਟਸ ਪ੍ਰੋਗਰਾਮ 25
ਜ਼ਿਆਦਾ ਜਾਣਕਾਰੀ ਲਈ 25
ਫਾਰਮਾਕੇਅਰ 25
ਬੀ.ਸੀ. ਦੀ ਫੇਅਰ ਫਾਰਮਾਕੇਅਰ ਪਲੈਨ 25
ਮਹੀਨੇ ਬਾਅਦ ਕਟੌਤੀਆਂ ਕਰਵਾਉਣ ਦੀ ਚੋਣ 26
ਫੇਅਰ ਫਾਰਮਾਕੇਅਰ ਲਈ ਰਜਿਸਟਰ ਹੋਣਾ 26
ਜ਼ਿਆਦਾ ਜਾਣਕਾਰੀ ਲਈ 27
ਮਾਨਸਿਕ ਸਿਹਤ ਦੀਆਂ ਅਤੇ ਨਸ਼ਿਆਂ ਨਾਲ ਸੰਬੰਧਿਤ ਸੇਵਾਵਾਂ 27
ਸੰਕਟ ਵੇਲੇ ਦਖਲਅੰਦਾਜ਼ੀ ਕਰਨ ਅਤੇ ਆਤਮਹੱਤਿਆ ਤੋਂ
ਰੋਕਥਾਮ ਲਈ ਬ੍ਰਿਟਿਸ਼ ਕੋਲੰਬੀਆ ਦਾ ਸੈਂਟਰ 28
ਬੀ.ਸੀ. ਅਲਕੋਹਲ ਐਂਡ ਡਰੱਗ ਇਨਫਰਮੇਸ਼ਨ ਐਂਡ ਰੈਫਰੈਲ ਸਰਵਿਸ 28
ਮਾਨਸਿਕ ਸਿਹਤ ਅਤੇ ਨਸ਼ਿਆਂ ਦੀ ਜਾਣਕਾਰੀ ਲਈ ਬੀ ਸੀ ਦੇ ਭਾਈਵਾਲ 29
ਸੈਂਟਰ ਫਾਰ ਅਡਿਕਸ਼ਨ ਰੀਸਰਚ ਆਫ ਬੀ ਸੀ 29
ਬ੍ਰਿਟਿਸ਼ ਕੋਲੰਬੀਆ ਐਂਬੂਲੈਂਸ ਸਰਵਿਸ 29
ਪਬਲਿਕ ਹੈੱਲਥ 30
ਖੁਰਾਕ ਬਾਰੇ ਜਾਣਕਾਰੀ 31
ਲੋੜਿਆਂ ਦੀਆਂ ਸੇਵਾਵਾਂ 31
ਡਿੱਗਣ ਤੋਂ ਰੋਕਥਾਮ ਬਾਰੇ ਜਾਣਕਾਰੀ 32
ਕਰੌਨਿਕ ਡਿਜ਼ੀਜ਼ ਸੈੱਲਫ-ਮੈਨੇਜਮੈਂਟ ਪ੍ਰੋਗਰਾਮ 32



# ਸਿਹਤ ਸੇਵਾਵਾਂ

## *ਮਰੀਜ਼ਾਂ ਦੀ ਸੰਭਾਲ ਅਤੇ ਸਿਹਤ ਵਿਚ ਸੱਭ ਤੋਂ ਵਧੀਆ*

ਬ੍ਰਿਟਿਸ਼ ਕੋਲੰਬੀਆ ਦੇ ਬਜ਼ੁਰਗਾਂ ਨੂੰ ਬਲਵਾਨ ਸੂਬੇ ਦਾ ਮਾਣ ਹੈ ਜਿਸ ਨੂੰ ਉਨ੍ਹਾਂ ਨੇ ਬਣਾਇਆ ਹੈ। ਇਸ ਵਿਰਾਸਤ ਦਾ ਇਕ ਮਹੱਤਵਪੂਰਨ ਹਿੱਸਾ ਬ੍ਰਿਟਿਸ਼ ਕੋਲੰਬੀਆਂ ਦੀਆਂ ਪਹੁੰਚਯੋਗ ਅਤੇ ਵਾਰਾ ਖਾਣ ਯੋਗ ਸਿਹਤ ਸੇਵਾਵਾਂ ਹਨ। ਸਾਡੀ ਸੂਬਾਈ ਸਰਕਾਰ ਭਵਿੱਖ ਲਈ ਸਿਹਤ ਸੰਭਾਲ ਨੂੰ ਸੁਰੱਖਿਅਤ ਕਰਨ ਅਤੇ ਇਨ੍ਹਾਂ ਵਿਚ ਸੁਧਾਰ ਕਰਨ ਲਈ ਸਖਤ ਮਿਹਨਤ ਕਰ ਰਹੀ ਹੈ।

ਇਸ ਵਿਚ ਡਾਕਟਰਾਂ ਅਤੇ ਹੋਰ ਸਿਹਤ ਮਾਹਰਾਂ ਨੂੰ ਫੰਡ ਦੇਣਾ, ਅਤੇ ਹਸਪਤਾਲਾਂ ਵਰਗੇ ਸਿਹਤ ਸੰਸਥਾਨਾਂ ਦੀ ਮਦਦ ਕਰਨਾ ਅਤੇ ਇਨ੍ਹਾਂ ਨੂੰ ਵਧਾਉਣਾ ਸ਼ਾਮਲ ਹੈ, ਜੋ ਕਿ ਸਾਡੇ ਸਿਹਤ ਸਿਸਟਮ ਵਿਚ ਚਿਰਾਂ ਤੋਂ ਕੇਂਦਰ ਬਣੇ ਹੋਏ ਹਨ। ਬ੍ਰਿਟਿਸ਼ ਕੋਲੰਬੀਆ ਅਜਿਹੇ ਹੈੱਲਥ ਕੇਅਰ ਸਿਸਟਮ ਬਾਰੇ ਸੋਚਦਾ ਹੈ ਜਿੱਥੇ ਬਜ਼ੁਰਗਾਂ ਦੀ ਤੰਦੁਰਸਤ ਰਹਿਣ ਵਿਚ, ਬੀਮਾਰ ਹੋਣ ਜਾਂ ਸੱਟ-ਚੋਟ ਲੱਗਣ ’ਤੇ ਬਿਹਤਰ ਹੋਣ ਵਿਚ, ਬੀਮਾਰੀ ਜਾਂ ਅਪਾਹਜਤਾ ਨੂੰ ਕਾਬੂ ਵਿਚ ਰੱਖਣ ਵਿਚ, ਜ਼ਿੰਦਗੀ ਦੇ ਅੰਤ ਦੀ ਅਟੱਲਤਾ ਲਈ ਵਿਉਂਤਬੰਦੀ ਕਰਨ ਵਿਚ ਮਦਦ ਕੀਤੀ ਜਾਂਦੀ ਹੈ।

ਮੈਡੀਕਲ ਸਰਵਿਸਿਜ਼ ਪਲੈਨ ਕਵਰੇਜ਼ ਲਈ ਘੱਟ ਜਾਂ ਪੂਰੀ ਤਰ੍ਹਾਂ ਸਬਸਿਡੀ ਵਾਲੇ ਪ੍ਰੀਮੀਅਮ ਅਤੇ ਘੱਟ ਆਮਦਨ ਵਾਲੇ ਬਜ਼ੁਰਗਾਂ ਲਈ ਫੇਅਰ ਫਾਰਮਾਕੇਅਰ ਰਾਹੀਂ ਡਾਕਟਰ ਦੀ ਪਰਚੀ ਨਾਲ ਮਿਲਣ ਵਾਲੀਆਂ ਦਵਾਈਆ ਤੱਕ ਬਿਹਤਰ ਪਹੁੰਚ, ਅਤੇ ਇਸ ਦੇ ਨਾਲ ਹੀ ਨਵੀਂਆਂ ਜਾਂ ਨਵਿਆਈਆਂ ਰਿਹਾਇਸ਼ੀ ਅਤੇ ਸੰਭਾਲ ਦੀਆਂ ਚੋਣਾਂ ਉਨ੍ਹਾਂ ਸੁਧਾਰਾਂ ਵਿੱਚੋਂ ਹਨ ਜਿਹੜੇ ਸਾਡੀ ਸੂਬਾਈ ਸਰਕਾਰ ਨੇ 2001 ਤੋਂ ਲੈ ਕੇ ਬਜ਼ੁਰਗਾਂ ਦੀ ਸੰਭਾਲ ਲਈ ਕੀਤੇ ਹਨ।

ਬੀ ਸੀ ਸੀਨੀਅਰਜ਼ ਲਾਈਨ ਨੂੰ ਵਧਾ ਕੇ, ਸਰਕਾਰ ਬਜ਼ੁਰਗਾਂ ਲਈ ਉਨ੍ਹਾਂ ਪ੍ਰੋਗਰਾਮਾਂ ਅਤੇ ਸੇਵਾਵਾਂ ਬਾਰੇ ਜਾਣਕਾਰੀ ਲੈਣਾ ਸੌਖਾ ਬਣਾ ਰਹੀ ਹੈ ਜਿਹੜੇ ਉਨ੍ਹਾਂ ’ਤੇ ਲਾਗੂ ਹੁੰਦੇ ਹਨ। ਸੂਬਾ, ਬਜ਼ੁਰਗਾਂ ਅਤੇ ਹੋਰ ਬ੍ਰਿਟਿਸ਼ ਕੋਲੰਬੀਅਨਾਂ ਨੂੰ ਜਿੰਨਾ ਵੀ ਹੋ ਸਕੇ ਵੱਧ ਤੋਂ ਵੱਧ ਲੰਮੇ ਸਮੇਂ ਲਈ ਸਿਹਤਮੰਦ ਅਤੇ ਆਜ਼ਾਦ ਰੱਖਣ ਲਈ ਉਨ੍ਹਾਂ ਦੀ ਮਦਦ ਕਰਨ ਲਈ ਵੀ ਕੰਮ ਕਰ ਰਿਹਾ ਹੈ।

ਸਿਹਤ ਬਾਰੇ ਜਾਣਕਾਰੀ, ਬਜ਼ੁਰਗਾਂ ਪ੍ਰਤੀ ਸਾਡੀ ਵਚਨਬੱਧਤਾ ਦਾ ਇਕ ਵੱਡਾ ਹਿੱਸਾ ਹੈ। ਬੀ ਸੀ ਹੈੱਲਥ ਗਾਈਡ ਪ੍ਰੋਗਰਾਮ ਇਸ ਦੀ ਇਕ ਉਦਾਹਰਣ ਹੈ। ਇਹ ਪ੍ਰੋਗਰਾਮ ਉਹ ਜਾਣਕਾਰੀ ਦੇਣ ਵਿਚ ਤੁਹਾਡੀ ਮਦਦ ਕਰਦਾ ਹੈ ਜਿਸ ਦੀ ਤੁਹਾਨੂੰ ਜਿੰਨਾ ਵੀ ਹੋ ਸਕੇ ਉਤਨਾ ਸਿਹਤਮੰਦ ਰਹਿਣ, ਅਤੇ ਲੋੜ ਪੈਣ ’ਤੇ ਲੋੜੀਂਦੀ ਮਦਦ ਲੈਣ ਲਈ ਲੋੜ ਹੈ। ਬੀ ਸੀ ਹੈੱਲਥ ਗਾਈਡ ਹੈਂਡਬੁੱਕ ਵਿਚ ਦਰਜਨਾਂ ਸਿਹਤ ਵਿਸ਼ਿਆਂ ਬਾਰੇ ਜਾਣਕਾਰੀ ਹੈ ਜਿਸ ਵਿੱਚੋਂ ਬਹੁਤ ਸਾਰੇ ਖਾਸ ਤੌਰ ’ਤੇ ਬਜ਼ੁਰਗਾਂ ਲਈ ਖਾਸ ਹਨ।

## ਮਰੀਜ਼ਾਂ ਦੀ ਸੰਭਾਲ ਅਤੇ ਸਿਹਤ ਵਿਚ ਸੱਭ ਤੋਂ ਵਧੀਆ (ਜਾਰੀ)

ਬੀ ਸੀ ਹੈੱਲਥ ਗਾਈਡ ਦਾ ਅੰਗਰੇਜ਼ੀ ਵਿਚ ਹੁਣੇ ਹੁਣੇ ਸੋਧਿਆ ਰੂਪ ਤੁਹਾਡੀ ਲੋਕਲ ਫਾਰਮੇਸੀ ਜਾਂ ਸਰਕਾਰੀ ਏਜੰਟ ਦੇ ਦਫਤਰ ਤੋਂ ਮਿਲਦਾ ਹੈ। ਬੀ ਸੀ ਹੈੱਲਥ ਗਾਈਡ ਦੇ ਵੈੱਬਸਾਈਟ ’ਤੇ ਡਾਕਟਰੀ ਨਜ਼ਰਸਾਨੀ ਵਾਲੀ ਸਿਹਤ ਜਾਣਕਾਰੀ ਦੇ 35,000 ਸਫੇ, ਦਵਾਈਆਂ ਬਾਰੇ ਲਾਇਬਰੇਰੀ ਅਤੇ ਕਮਿਊਨਟੀ ਸਪੋਰਟ ਡੈਟਾਬੇਸ ਹਨ। ਇਸ ਵੈੱਬਸਾਈਟ ’ਤੇ ਬੀ ਸੀ ਹੈੱਲਥ ਫਾਇਲਜ਼ ਵੀ ਹਨ। ਟੋਲ ਫਰੀ ਨਰਸਲਾਈਨ ’ਤੇ ਤੁਸੀਂ ਹਫਤੇ ਦੇ ਸੱਤੇ ਦਿਨ, ਦਿਨ ਜਾਂ ਰਾਤ ਦੇ ਕਿਸੇ ਵੀ ਸਮੇਂ ਕਿਸੇ ਰਜਿਸਟਰਡ ਨਰਸ ਤੋਂ ਸਿਹਤ ਬਾਰੇ ਆਪਣੇ ਸਵਾਲ ਪੁੱਛ ਸਕਦੇ ਹੋ। ਸ਼ਾਮ ਨੂੰ, ਇਹ ਲਾਈਨ ਦਵਾਈਆਂ ਬਾਰੇ ਜਾਣਕਾਰੀ ਲੈਣ ਲਈ ਤੁਹਾਡਾ ਸੰਪਰਕ ਕਿਸੇ ਫਾਰਮਾਸਿਸਟ ਨਾਲ ਵੀ ਕਰਵਾ ਸਕਦੀ ਹੈ।

ਤੁਹਾਡੇ ਸੂਬੇ ਦੀ ਸਰਕਾਰ ਇਹ ਪੱਕਾ ਕਰਨ ਲਈ ਵਚਨਬੱਧ ਹੈ ਕਿ ਬ੍ਰਿਟਿਸ਼ ਕੋਲੰਬੀਆ ਦੇ ਸਾਰੇ ਲੋਕਾਂ ਦੀ ਸੂਬੇ ਭਰ ਵਿਚ ਸਰਕਾਰੀ ਹੈੱਲਥ ਕੇਅਰ ਤੱਕ ਪਹੁੰਚ ਹੋਵੇ। ਗਾਈਡ ਦਾ ਇਹ ਭਾਗ ਇਨ੍ਹਾਂ ਜ਼ਰੂਰੀ ਸੇਵਾਵਾਂ ਬਾਰੇ ਜਾਣਕਾਰੀ ਨਾਲ ਭਰਿਆ ਪਿਆ ਹੈ।

# ਸਿਹਤ ਸੇਵਾਵਾਂ

## ਬ੍ਰਿਟਿਸ਼ ਕੋਲੰਬੀਆ ਦਾ ਸਿਹਤ ਸੰਭਾਲ ਸਿਸਟਮ

ਬ੍ਰਿਟਿਸ਼ ਕੋਲੰਬੀਆ ਦੇ ਇਲਾਕਾਈ ਸਿਹਤ ਸੰਭਾਲ ਸਿਸਟਮ ਵਿਚ, ਬਹੁਤੀਆਂ ਸਿਹਤ ਸੇਵਾਵਾਂ ਪ੍ਰਦਾਨ ਕਰਨ ਅਤੇ ਇਨ੍ਹਾਂ ਦੇ ਪ੍ਰਬੰਧ ਦੀ ਜ਼ਿੰਮੇਵਾਰੀ ਹਰ ਇਲਾਕੇ ਦੀ ਹੈੱਲਥ ਅਥਾਰਟੀ ਕੋਲ ਹੈ। ਬ੍ਰਿਟਿਸ਼ ਕੋਲੰਬੀਆ ਦੇ ਸਰਕਾਰੀ ਪ੍ਰਬੰਧ ਹੇਠ ਚਲਦੇ ਸਿਹਤ ਸੰਭਾਲ ਸਿਸਟਮ ਬਾਰੇ ਅੰਤਿਮ ਅਧਿਕਾਰ ਅਤੇ ਜ਼ਿੰਮੇਵਾਰੀ ਮਨਿਸਟਰੀ ਆਫ ਹੈੱਲਥ ਸਰਵਿਸਿਜ਼ ਕੋਲ ਹੈ। ਮਨਿਸਟਰੀ ਇਹ ਯਕੀਨੀ ਬਣਾਉਂਦੀ ਹੈ ਕਿ ਹੈੱਲਥ ਅਥਾਰਟੀਆਂ ਸਿਹਤ ਸੇਵਾਵਾਂ ਦਾ ਪ੍ਰਬੰਧ ਸੂਬਾਈ ਕਾਨੂੰਨ, ਨਿਯਮਾਂ, ਨੀਤੀਆਂ, ਮਿਆਰਾਂ ਅਤੇ ਮਨਿਸਟਰ ਆਫ ਹੈੱਲਥ ਵਲੋਂ ਤਿਆਰ ਕੀਤੀਆਂ ਗਈਆਂ ਹੋਰ ਸ਼ਰਤਾਂ ਦੇ ਮੁਤਾਬਕ ਚਲਾਉਣ ਅਤੇ ਉਨ੍ਹਾਂ ਮੁਤਾਬਕ ਹੀ ਇਹ ਸੇਵਾਵਾਂ ਦੇਣ।

ਮਨਿਸਟਰੀ ਆਫ ਹੈੱਲਥ ਸੂਬੇ ਪੱਧਰ ’ਤੇ ਕਈ ਪ੍ਰੋਗਰਾਮ ਦਿੰਦੀ ਹੈ ਜਿਸ ਵਿਚ ਮੈਡੀਕਲ ਸਰਵਿਸਿਜ਼ ਪਲੈਨ, ਟਰੈਵਲ ਅਸਿਸਟੈਂਸ ਪ੍ਰੋਗਰਾਮ, ਫਾਰਮਾਕੇਅਰ ਅਤੇ ਬੀ ਸੀ ਐਂਬੂਲੈਂਸ ਸਰਵਿਸ ਸ਼ਾਮਲ ਹਨ।

ਜੇ ਤੁਹਾਨੂੰ ਸਥਾਨਕ ਹੈੱਲਥ ਸਰਵਿਸਿਜ਼ ਦਾ ਪਤਾ ਲਾਉਣ ਜਾਂ ਉਨ੍ਹਾਂ ਨਾਲ ਸੰਪਰਕ ਕਰਨ ਵਿਚ ਮੁਸ਼ਕਲ ਆ ਰਹੀ ਹੈ ਤਾਂ ਮਦਦ ਲਈ ਇਨਕੁਆਰੀ ਬੀ ਸੀ ਨੂੰ ਫੋਨ ਕਰੋ:

| | |
|---|---|
| ਬੀ.ਸੀ. ਵਿਚ ਟੋਲ ਫਰੀ | 1 800 663-7867 |
| ਗਰੇਟਰ ਵੈਨਕੂਵਰ | 604 660-2421 |
| ਗਰੇਟਰ ਵਿਕਟੋਰੀਆ | 250 387-6121 |
| ਬੋਲ਼ਿਆਂ ਲਈ ਲਾਈਨ ਟੋਲ ਫਰੀ | 1 800 661-8773 |
| ਬੋਲ਼ਿਆਂ ਲਈ ਲਾਈਨ – ਗਰੇਟਰ ਵੈਨਕੂਵਰ | 604 775-0303 |

ਤੁਸੀਂ ਬੀ ਸੀ ਸੀਨੀਅਰਜ਼ ਲਾਈਨ ਨੂੰ ਫੋਨ ਵੀ ਕਰ ਸਕਦੇ ਹੋ:

| | |
|---|---|
| ਟੋਲ ਫਰੀ | 1 800 465-4911 |
| ਗਰੇਟਰ ਵਿਕਟੋਰੀਆ | 250 952-1742 |

# ਸਿਹਤ ਸੇਵਾਵਾਂ

## ਬ੍ਰਿਟਿਸ਼ ਕੋਲੰਬੀਆ ਵਿਚ ਹੈੱਲਥ ਅਥਾਰਟੀਜ਼

### ਨੌਰਦਰਨ ਹੈੱਲਥ

NORTHERN HEALTH
Suite 300 – 299 Victoria Street
Prince George, B.C. V2L 5B8

ਟੋਲ ਫਰੀ 1 866 565-2999
ਪ੍ਰਿੰਸ ਜੌਰਜ 250 565-2649
ਫੈਕਸ 250 565-2640
www.northernhealth.ca

### ਇਨਟੀਰੀਅਰ ਹੈੱਲਥ

INTERIOR HEALTH
220 – 1815 Kirschner Road
Kelowna, B.C. V1Y 4N7

ਕਲੋਨਾ 250 862-4200
ਫੈਕਸ 250 862-4201
www.interiorhealth.ca

### ਵੈਨਕੂਵਰ ਆਈਲੈਂਡ ਹੈੱਲਥ

VANCOUVER ISLAND HEALTH
1952 Bay Street
Victoria, B.C. V8R 1J8

ਟੋਲ ਫਰੀ 1 877 370-8699
ਗਰੇਟਰ ਵਿਕਟੋਰੀਆ 250 370-8699
ਫੈਕਸ 250 370-8750
www.viha.ca

### ਵੈਨਕੂਵਰ ਕੋਸਟਲ ਹੈੱਲਥ

VANCOUVER COASTAL HEALTH
11th Floor – 601 West Broadway
Vancouver, B.C. V5Z 4C2

ਟੋਲ ਫਰੀ 1 866 884-0888
ਗਰੇਟਰ ਵੈਨਕੂਵਰ 604 736-2033
ਫੈਕਸ 604 875-4750
www.vch.ca

### ਫਰੇਜ਼ਰ ਹੈੱਲਥ

FRASER HEALTH
300 – 10334 152A Street
Surrey, B.C. V3R 7P8

ਟੋਲ ਫਰੀ 1 877 935-5669
ਗਰੇਟਰ ਵੈਨਕੂਵਰ 604 587-4600
ਫੈਕਸ 604 587-4666
www.fraserhealth.ca

### ਪ੍ਰੋਵਿੰਸ਼ੀਅਲ ਹੈੱਲਥ ਸਰਵਿਸਿਜ਼ ਅਥਾਰਟੀ

PROVINCIAL HEALTH SERVICES AUTHORITY
700 – 1380 Burrard Street
Vancouver, B.C. V6Z 2H3

ਵੈਨਕੂਵਰ 604 675-7400
ਫੈਕਸ 604 708-2700
www.phsa.ca

# ਸਿਹਤ ਸੇਵਾਵਾਂ

## ਬੀ ਸੀ ਹੈੱਲਥਗਾਈਡ ਪ੍ਰੋਗਰਾਮ

ਬੀ ਸੀ ਹੈੱਲਥਗਾਈਡ ਪ੍ਰੋਗਰਾਮ ਮਨਿਸਟਰੀ ਆਫ ਹੈੱਲਥ ਵਲੋਂ ਪ੍ਰਦਾਨ ਕੀਤਾ ਜਾਂਦਾ ਹੈ ਅਤੇ ਇਸ ਨੂੰ ਬੀ ਸੀ ਮੈਡੀਕਲ ਐਸੋਸੀਏਸ਼ਨ, ਰਜਿਸਟਰਿਡ ਨਰਸਿਜ਼ ਐਸੋਸੀਏਸ਼ਨ ਆਫ ਬੀ ਸੀ, ਕਾਲਜ ਆਫ ਫੈਮਿਲੀ ਫਿਜ਼ੀਸ਼ੀਅਨਜ਼ ਅਤੇ ਕਾਲਜ ਆਫ ਫਾਰਮਾਸਿਸਟਸ ਆਫ ਬੀ ਸੀ ਦੀ ਹਿਮਾਇਤ ਹਾਸਲ ਹੈ।

ਬੀ ਸੀ ਹੈੱਲਥਗਾਈਡ ਪ੍ਰੋਗਰਾਮ, ਚਾਰ ਸੌਖੇ ਅਤੇ ਫਾਇਦੇਮੰਦ ਤਰੀਕਿਆਂ ਰਾਹੀਂ ਦਿਨ ਦੇ 24 ਘੰਟੇ ਸਿਹਤ ਜਾਣਕਾਰੀ ਅਤੇ ਸਲਾਹ ਦਿੰਦਾ ਹੈ।

### ਬੀ ਸੀ ਹੈੱਲਥਗਾਈਡ

ਬੀ ਸੀ ਹੈੱਲਥਗਾਈਡ ਹੈਂਡਬੁੱਕ 190 ਤੋਂ ਵੀ ਜ਼ਿਆਦਾ ਆਮ ਸਿਹਤ ਸਮੱਸਿਆਵਾਂ ਬਾਰੇ ਦੱਸਦੀ ਹੈ, ਜਿਸ ਵਿਚ ਬੀਮਾਰੀ ਤੋਂ ਰੋਕਥਾਮ ਕਿਵੇਂ ਕਰਨੀ ਹੈ, ਘਰੇਲੂ ਇਲਾਜ, ਅਤੇ ਡਾਕਟਰ ਜਾਂ ਹੋਰ ਸਿਹਤ ਮਾਹਰ ਦੀ ਮਦਦ ਕਦੋਂ ਲੈਣੀ ਹੈ ਵਰਗੇ ਵਿਸ਼ੇ ਸ਼ਾਮਲ ਹਨ। ਇਹ ਕਿਤਾਬ ਪਰਖੀ ਹੋਈ ਡਾਕਟਰੀ ਜਾਣਕਾਰੀ ’ਤੇ ਆਧਾਰਿਤ ਹੈ ਅਤੇ ਬੀ.ਸੀ. ਦੇ ਡਾਕਟਰਾਂ, ਨਰਸਾਂ, ਫਾਰਮਾਸਿਸਟਾਂ ਅਤੇ ਹੋਰ ਸਿਹਤ ਮਾਹਰਾਂ ਨੇ ਇਸ ’ਤੇ ਨਜ਼ਰਸਾਨੀ ਕੀਤੀ ਹੋਈ ਹੈ। ਫਰਾਂਸੀਸੀ ਵਿਚ ਬੀ ਸੀ ਹੈੱਲਥਗਾਈਡ ਹੈਂਡਬੁੱਕ ਅਤੇ ਬੀ ਸੀ ਫਸਟ ਨੇਸ਼ਨਜ਼ ਹੈੱਲਥਗਾਈਡ ਹੈਂਡਬੁੱਕ ਵੀ ਮੌਜੂਦ ਹੈ। 2006 ਦੀ ਪੱਤਝੜ ਰੁੱਤੇ ਚੀਨੀ ਅਤੇ ਪੰਜਾਬੀ ਭਾਸ਼ਾਵਾਂ ਵਿਚ ਵੀ ਬੀ ਸੀ ਹੈੱਲਥਗਾਈਡ ਹੈਂਡਬੁੱਕ ਮਿਲਣ ਲੱਗ ਪਵੇਗੀ।

2005 ਦਾ ਅੰਗਰੇਜ਼ੀ ਬੋਲੀ ਦਾ ਐਡੀਸ਼ਨ ਸਥਾਨਕ ਫਾਰਮੇਸੀਆਂ ਅਤੇ ਸਰਕਾਰੀ ਏਜੰਟ ਦੇ ਦਫਤਰਾਂ ਰਾਹੀਂ ਮੁਫਤ ਮਿਲਦਾ ਹੈ। ਇਸ ਵਿਚ ਸਿਹਤਮੰਦ ਬੁਢਾਪੇ ਅਤੇ ਜਨਤਕ ਸਿਹਤ ਨੂੰ ਖਤਰਿਆਂ ਬਾਰੇ ਇਕ ਨਵਾਂ ਚੈਪਟਰ ਸ਼ਾਮਲ ਕੀਤਾ ਗਿਆ ਹੈ। ਇਸ ਹੈਂਡਬੁੱਕ ਵਿਚ “ਫਾਰ ਸੀਨੀਅਰਜ਼” ਸਿਰਲੇਖ ਨਾਲ ਬਜ਼ੁਰਗਾਂ ਦੀ ਦਿਲਚਸਪੀ ਵਾਲੇ ਹੋਰ ਵਿਸ਼ੇ ਵੀ ਸ਼ਾਮਲ ਕੀਤੇ ਗਏ ਹਨ। ਅਜਿਹੇ ਵਿਸ਼ਿਆਂ ਵਿਚ, ਗਠੀਆ, ਸੰਭਾਲ ਕਰਨ ਲਈ ਨੁਸਖੇ, ਮੋਤੀਆ, ਬਜ਼ੁਰਗਾਂ ਨਾਲ ਦੁਰਵਿਵਹਾਰ ਅਤੇ ਉਨ੍ਹਾਂ ਪ੍ਰਤੀ ਅਣਗਹਿਲੀ, ਡਿੱਗਣਾ, ਗਲਾਕੋਮਾ (ਅੱਖਾਂ ਦਾ ਇਕ ਰੋਗ) ਅਤੇ ਬਜ਼ੁਰਗਾਂ ਲਈ ਖੁਰਾਕ ਸ਼ਾਮਲ ਹਨ।

ਜੇ ਤੁਸੀਂ ਆਪਣੀ ਸਥਾਨਕ ਫਾਰਮੇਸੀ ਜਾਂ ਸਰਕਾਰੀ ਏਜੰਟ ਦੇ ਦਫਤਰ ਵਿਚ ਜਾਣ ਦੇ ਕਾਬਲ ਨਹੀਂ ਹੋ ਜਾਂ ਜੇ ਤੁਹਾਨੂੰ ਅੰਗਰੇਜ਼ੀ ਦੀ ਥਾਂ ’ਤੇ ਕਿਸੇ ਹੋਰ ਜ਼ਬਾਨ ਵਿਚ ਹੈਂਡਬੁੱਕ ਦੀ ਲੋੜ ਹੈ ਤਾਂ ਬੀ ਸੀ ਸੀਨੀਅਰਜ਼ ਲਾਈਨ ਨੂੰ ਫੋਨ ਕਰੋ:

# ਸਿਹਤ ਸੇਵਾਵਾਂ

| | |
|---|---|
| ਟੋਲ ਫਰੀ | 1 800 465-4911 |
| ਗਰੇਟਰ ਵਿਕਟੋਰੀਆ | 250 952-1742 |
| ਜਾਂ ਆਪਣਾ ਨਾਂ ਅਤੇ ਐਡਰੈਸ ਈਮੇਲ ਕਰੋ: | HTHL.Health@gov.bc.ca |

## ਬੀ ਸੀ ਨਰਸਲਾਈਨ

ਬੀ ਸੀ ਨਰਸਲਾਈਨ ਸਿਹਤ ਬਾਰੇ ਜਾਣਕਾਰੀ ਦੇਣ ਵਾਲੀ ਇਕ ਟੋਲ–ਫਰੀ ਗੁਪਤ ਲਾਈਨ ਹੈ ਜਿੱਥੇ ਟਰੇਂਡ ਰਜਿਸਟਰਿਡ ਨਰਸਾਂ ਮੌਜੂਦ ਹੁੰਦੀਆਂ ਹਨ ਜੋ ਦਿਨ ਦੇ 24 ਘੰਟੇ ਹਫਤੇ ਦੇ ਸੱਤੇ ਦਿਨ ਸਵਾਲਾਂ ਦੇ ਜਵਾਬ ਦੇ ਸਕਦੀਆਂ ਹਨ। ਸਿਹਤ ਸਮੱਸਿਆਵਾਂ, ਟੈੱਸਟਾਂ ਅਤੇ ਇਲਾਜ ਦੇ ਢੰਗਾਂ ਸਮੇਤ, ਇਹ ਪਤਾ ਲਾਉਣ ਦੇ ਲਈ ਕਿ ਕੀ ਐਮਰਜੰਸੀ ਵਿਚ ਜਾਣਾ ਹੈ ਜਾਂ ਕਿਸੇ ਸਿਹਤ ਮਾਹਰ ਨੂੰ ਦੇਖਣਾ ਹੈ, ਬੀ ਸੀ ਨਰਸਲਾਈਨ ਨੂੰ ਫੋਨ ਕਰੋ ਅਤੇ ਕਿਸੇ ਰਜਿਸਟਰਿਡ ਨਰਸ ਨਾਲ ਗੱਲ ਕਰੋ। ਦਵਾਈਆਂ ਨਾਲ ਸੰਬੰਧਿਤ ਫੋਨਾਂ ਦੇ ਜਵਾਬ ਦੇਣ ਲਈ ਫਾਰਮਾਸਿਸਟ ਵੀ ਹਰ ਰੋਜ਼ ਸ਼ਾਮ ਦੇ 5 ਵਜੇ ਤੋਂ ਲੈ ਕੇ ਸਵੇਰ ਦੇ 9 ਵਜੇ ਤੱਕ ਮੌਜੂਦ ਹੁੰਦੇ ਹਨ।

| | |
|---|---|
| ਟੋਲ ਫਰੀ | 1 866 215-4700 |
| ਗਰੇਟਰ ਵੈਨਕੂਵਰ | 604 215-4700 |
| ਬੋਲ਼ਿਆਂ ਜਾਂ ਘੱਟ ਸੁਣਨ ਵਾਲਿਆਂ ਲਈ ਟੋਲ ਫਰੀ ਲਾਈਨ | 1 866 889-4700 |

ਅਨੁਵਾਦ ਦੀਆਂ ਸੇਵਾਵਾਂ ਬੇਨਤੀ ਕਰਨ ’ਤੇ 130 ਭਾਸ਼ਾਵਾਂ ਵਿਚ ਮਿਲ ਸਕਦੀਆਂ ਹਨ।

## ਬੀ ਸੀ ਹੈੱਲਥਗਾਈਡ ਔਨਲਾਈਨ

ਬੀ ਸੀ ਹੈੱਲਥਗਾਈਡ ਔਨਲਾਈਨ ਇਕ ਵਿਆਪਕ ਵੈੱਬਸਾਈਟ ਹੈ ਜਿਸ ’ਤੇ 35,000 ਤੋਂ ਵੀ ਜ਼ਿਆਦਾ ਸਫਿਆਂ ’ਤੇ ਡਾਕਟਰੀ ਨਜ਼ਰਸਾਨੀ ਵਾਲੀ ਸਿਹਤ ਜਾਣਕਾਰੀ ਹੈ। ਵਿਸ਼ਿਆਂ ਵਿਚ ਮੋਤੀਆ, ਦੇਰ ਤੋਂ ਲੱਗੀਆਂ ਬੀਮਾਰੀਆਂ ਨਾਲ ਰਹਿਣਾ, ਪ੍ਰੋਸਟੇਟ ਕੈਂਸਰ, ਜੋੜ ਬਦਲੀਆਂ ਅਤੇ ਓਸਟੀਓਪੋਰੋਸਿਸ ਸ਼ਾਮਲ ਹਨ। ਇਹ ਵੈੱਬਸਾਈਟ ਨੇਮ ਨਾਲ ਦੇਖਿਆ ਅਤੇ ਨਵਿਆਇਆ ਜਾਂਦਾ ਹੈ। ਇਸ ’ਤੇ ਦਵਾਈਆਂ ਬਾਰੇ ਲਾਇਬਰੇਰੀ ਅਤੇ ਕਮਿਊਨਟੀ ਵਿਚ ਮਦਦ ਦਾ ਡੈਟਾਬੇਸ ਵੀ ਹਨ।

| | |
|---|---|
| ਵੈੱਬਸਾਈਟ | www.bchealthguide.org |

## ਬੀ ਸੀ ਹੈੱਲਥਫਾਇਲਜ਼

ਬੀ ਸੀ ਹੈੱਲਥਫਾਇਲਜ਼ ਜਨਤਕ ਸਿਹਤ ਅਤੇ ਸੁਰੱਖਿਆ ਦੇ ਵੱਖ ਵੱਖ ਮਸਲਿਆਂ ’ਤੇ ਤੱਥ ਸ਼ੀਟਾਂ ਦੀ ਇਕ ਲੜੀ ਹੈ ਜਿਨ੍ਹਾਂ ਨੂੰ ਬੀ ਸੀ ਵਿਚ ਮਿਲਦੀ ਤਾਜ਼ੀ ਸਿਹਤ ਸਲਾਹ ਸ਼ਾਮਲ ਕਰਨ ਲਈ

ਬਕਾਇਦਗੀ ਨਾਲ ਨਵਿਆਇਆ ਜਾਂਦਾ ਹੈ।

www.bchealthguide.org ਵੈੱਬਸਾਈਟ ਦੇਖੋ ਜਾਂ ਨੇੜੇ ਦੇ ਬੀ.ਸੀ. ਪਬਲਿਕ ਹੈੱਲਥ ਯੂਨਿਟ ਵਿਚ ਜਾਉ।

## ਮੈਡੀਕਲ ਸਰਵਿਸਿਜ਼ ਪਲੈਨ

ਮੈਡੀਕਲ ਸਰਵਿਸਿਜ਼ ਪਲੈਨ ਆਫ ਬ੍ਰਿਟਿਸ਼ ਕੋਲੰਬੀਆ (ਐੱਮ ਐੱਸ ਪੀ) ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਨੂੰ ਡਾਕਟਰਾਂ ਅਤੇ ਸਹਾਇਕ ਹੈੱਲਥ ਕੇਅਰ ਪ੍ਰੈਕਟੀਸ਼ਨਰਾਂ ਵਲੋਂ ਡਾਕਟਰੀ ਤੌਰ 'ਤੇ ਲੋੜੀਂਦੀਆਂ ਸੇਵਾਵਾਂ, ਲੈਬਾਰਟਰੀ ਦੀਆਂ ਸੇਵਾਵਾਂ ਅਤੇ ਡਾਕਟਰੀ ਟੈੱਸਟਾਂ ਲਈ ਮੁਢਲੀ ਕਵਰੇਜ ਪ੍ਰਦਾਨ ਕਰਦੀ ਹੈ।

ਬੀ.ਸੀ. ਦੇ ਸਾਰੇ ਵਸਨੀਕਾਂ ਨੂੰ ਐੱਮ ਐੱਸ ਪੀ ਵਿਚ ਸ਼ਾਮਲ ਹੋਣਾ ਪੈਂਦਾ ਹੈ ਅਤੇ ਮਹੀਨੇ ਦੀ ਫੀਸ ਦੇਣੀ ਪੈਂਦੀ ਹੈ। ਜੇ ਤੁਹਾਡੀ ਆਮਦਨ ਘੱਟ ਹੈ ਅਤੇ ਤੁਸੀਂ ਕੈਨੇਡੀਅਨ ਸਿਟੀਜ਼ਨ ਜਾਂ ਲੈਂਡਿਡ ਇਮੀਂਗਰਾਂਟ (ਪਰਮਾਨੈਂਟ ਰੈਜ਼ੀਡੈਂਟ) ਹੋ ਅਤੇ ਤੁਹਾਡੇ ਕੋਲ ਪਿਛਲੇ 12 ਮਹੀਨਿਆਂ ਤੋਂ ਇਹ ਦਰਜਾ ਹੈ ਅਤੇ ਤੁਸੀਂ ਕੈਨੇਡਾ ਵਿਚ ਪਿਛਲੇ 12 ਮਹੀਨਿਆਂ ਤੋਂ ਰਹਿ ਰਹੇ ਹੋ ਤਾਂ ਤੁਸੀਂ ਆਪਣੀਆਂ ਪ੍ਰੀਮੀਅਮ ਅਦਾਇਗੀਆਂ ਵਿਚ ਸਹਾਇਤਾ ਲੈਣ ਜਾਂ ਪ੍ਰੀਮੀਅਮ ਵਿਚ ਪੂਰਨ ਛੋਟ ਦੇ ਹੱਕਦਾਰ ਹੋ ਸਕਦੇ ਹੋ। ਜੇ ਤੁਸੀਂ ਸਟੈਟਸ ਨੇਟਿਵ ਜਾਂ ਇਨੂਇਟ ਹੋ ਤਾਂ ਕੇਂਦਰੀ ਸਰਕਾਰ ਇਹ ਪ੍ਰੀਮੀਅਮ ਤੁਹਾਡੀ ਤਰਫੋਂ ਦੇ ਸਕਦੀ ਹੈ।

ਨਵੇਂ ਵਸਨੀਕ ਜਾਂ ਬੀ.ਸੀ. ਵਿਚ ਮੁੜ ਕੇ ਵਸ ਰਹੇ ਵਸਨੀਕ, ਇਕ ਉਡੀਕ ਸਮਾਂ ਪੂਰਾ ਕਰਨ ਤੋਂ ਬਾਅਦ ਕਵਰੇਜ ਦੇ ਹੱਕਦਾਰ ਹੁੰਦੇ ਹਨ ਜੋ ਕਿ ਆਮ ਤੌਰ 'ਤੇ ਇੱਥੇ ਆਉਣ ਵਾਲੇ ਮਹੀਨੇ ਦਾ ਬਚਦਾ ਸਮਾਂ ਜਮ੍ਹਾਂ ਦੋ ਮਹੀਨੇ ਹੁੰਦਾ ਹੈ। ਆਪਣੀ ਅਰਜ਼ੀ 'ਤੇ ਕਾਰਵਾਈ ਹੋਣ ਦਾ ਸਮਾਂ ਦੇਣ ਲਈ, ਤੁਹਾਨੂੰ ਬੀ.ਸੀ. ਵਿਚ ਪਹੁੰਚਣ ਤੋਂ ਫੌਰਨ ਬਾਅਦ ਐੱਮ ਐੱਸ ਪੀ ਕਵਰੇਜ ਲਈ ਅਪਲਾਈ ਕਰ ਦੇਣਾ ਚਾਹੀਦਾ ਹੈ ਨਾ ਕਿ ਅਜਿਹਾ ਉਡੀਕ ਸਮੇਂ ਦੇ ਅੰਤ 'ਤੇ ਕਰਨਾ ਚਾਹੀਦਾ ਹੈ। ਜੇ ਤੁਹਾਡੀ ਉਮਰ 65 ਸਾਲ ਜਾਂ ਜ਼ਿਆਦਾ ਹੈ ਅਤੇ ਤੁਸੀਂ ਐੱਮ ਐੱਸ ਪੀ ਵਿਚ ਸ਼ਾਮਲ ਹੋ ਤਾਂ ਤੁਹਾਨੂੰ ਆਪਣੇ ਆਪ ਹੀ ਗੋਲਡ ਕੇਅਰਕਾਰਡ ਮਿਲ ਜਾਵੇਗਾ। ਤੁਹਾਡਾ ਗੋਲਡ ਕੇਅਰਕਾਰਡ, ਖਾਸ ਸਰਕਾਰੀ ਪ੍ਰੋਗਰਾਮਾਂ ਅਤੇ ਬਹੁਤ ਸਾਰੇ ਕਾਰੋਬਾਰਾਂ ਵਲੋਂ ਦਿੱਤੇ ਜਾਂਦੇ ਡਿਸਕਾਊਂਟਾਂ ਲਈ ਉਮਰ ਅਤੇ ਵਸਨੀਕ ਹੋਣ ਦੇ ਸਬੂਤ ਦੇ ਤੌਰ 'ਤੇ ਫਾਇਦੇਮੰਦ ਹੈ।

# ਸਿਹਤ ਸੇਵਾਵਾਂ

## ਮੈਡੀਕਲ ਫਾਇਦੇ

ਐੱਮ ਐੱਸ ਪੀ, ਡਾਕਟਰਾਂ ਅਤੇ ਸਰਜਨਾਂ ਵਲੋਂ ਮੈਡੀਕਲ ਤੌਰ 'ਤੇ ਲੋੜੀਂਦੀਆਂ ਸੇਵਾਵਾਂ ਦਾ ਖਰਚਾ ਦਿੰਦੀ ਹੈ। ਐੱਮ ਐੱਸ ਪੀ ਹਸਪਤਾਲ ਵਿਚ ਕੀਤੇ ਜਾਣ ਵਾਲੇ ਦੰਦਾਂ ਅਤੇ ਮੂੰਹ ਦੇ ਅਪਰੇਸ਼ਨਾਂ ਦਾ ਖਰਚਾ ਵੀ ਦਿੰਦੀ ਹੈ। 65 ਸਾਲ ਅਤੇ ਜ਼ਿਆਦਾ ਉਮਰ ਦੇ ਬਜ਼ੁਰਗ ਅੱਖਾਂ ਦੀ ਨੇਮ ਨਾਲ ਜਾਂਚ ਦਾ ਲਾਭ ਉਠਾ ਸਕਦੇ ਹਨ।

ਪ੍ਰੀਮੀਅਮ ਅਸਿਸਟੈਂਸ ਵਾਲੇ ਐੱਮ ਐੱਸ ਪੀ ਦੇ ਲਾਭਕਾਰਾਂ ਲਈ, ਐੱਮ ਐੱਸ ਪੀ ਇਕ ਸਾਲ ਵਿਚ ਕੁੱਲ 10 ਫੇਰੀਆਂ ਲਈ 23 ਡਾਲਰ ਪ੍ਰਤੀ ਫੇਰੀ ਅੱਗੇ ਦਿੱਤੀਆਂ ਸੇਵਾਵਾਂ ਲਈ ਦਿੰਦੀ ਹੈ: ਕੈਰੋਪਰੈਕਟਰ, ਮਸਾਜ ਥੈਰੇਪੀ, ਨੇਚਰੋਪੈਥੀ, ਫਿਜ਼ੀਕਲ ਥੈਰੇਪੀ ਅਤੇ ਨੌਨ-ਸਰਜੀਕਲ ਪੌਡੀਏਟਰੀ। ਸਰਜੀਕਲ ਪੌਡੀਏਟਰੀ ਦਾ ਫਾਇਦਾ ਸਾਰੇ ਲਾਭਾਕਾਰਾਂ ਲਈ ਹੈ।

## ਐੱਮ ਐੱਸ ਪੀ ਨਾਲ ਸੰਪਰਕ ਕਰਨਾ

ਐੱਮ ਐੱਸ ਪੀ ਬਾਰੇ ਜ਼ਿਆਦਾ ਜਾਣਕਾਰੀ ਲੈਣ ਦੇ ਕਈ ਤਰੀਕੇ ਹਨ।

- ਆਪਣੇ ਸਥਾਨਕ ਗਵਰਨਮੈਂਟ ਏਜੰਟ/ਬੀ.ਸੀ. ਐਕਸੈਸ ਸੈਂਟਰ ਦੇ ਦਫਤਰ ਜਾਉ (ਆਪਣੀ ਟੈਲੀਫੋਨ ਡਾਇਰੈਕਟਰੀ ਦੇ ਨੀਲੇ ਪੰਨਿਆਂ ਤੋਂ ਇਹ ਦੇਖੋ ਕਿ ਕੀ ਤੁਹਾਡੇ ਇਲਾਕੇ ਵਿਚ ਕੋਈ ਦਫਤਰ ਹੈ ਜਾਂ ਬੀ ਸੀ ਵਿਚ ਗਵਰਨਮੈਂਟ ਏਜੰਟਾਂ ਦੀ ਲਿਸਟ ਦੇਖਣ ਲਈ ਇਸ ਗਾਈਡ ਵਿਚ ਗਵਰਨਮੈਂਟ ਏਜੰਟਸ ਵਾਲਾ ਸਫਾ ਦੇਖੋ।)
- ਐੱਮ ਐੱਸ ਪੀ ਦਾ ਵੈੱਬਸਾਈਟ ਦੇਖੋ: www.healthservices.gov.bc.ca/msp
- ਐੱਮ ਐੱਸ ਪੀ ਦੀ ਟੋਲ ਫਰੀ ਆਟੋਮੈਟਿਕ ਸਰਵਿਸ ਨੂੰ ਫੋਨ ਕਰੋ:

| | |
|---|---|
| ਟੋਲ ਫਰੀ | 1 800 663-7100 |
| ਗਰੇਟਰ ਵੈਨਕੂਵਰ | 604 683-7151 |

ਅਰਜ਼ੀ ਫਾਰਮ ਅਤੇ ਚਿੱਠੀ ਪੱਤਰ ਇਸ ਐਡਰੈਸ 'ਤੇ ਭੇਜਿਆ ਜਾ ਸਕਦਾ ਹੈ:

Health Insurance BC
PO Box 9035, STN PROV GOVT
Victoria, B.C. V8W 9E3

# ਸਿਹਤ ਸੇਵਾਵਾਂ

## ਸਿਰਫ ਮੈਡੀਕਲ ਸੇਵਾਵਾਂ

ਘੱਟ ਆਮਦਨ ਵਾਲੇ ਬਜ਼ੁਰਗ ਜਿਹੜੇ ਸੂਬਾਈ ਇਨਕਮ ਅਸਿਸਟੈਂਸ ਨੂੰ ਛੱਡ ਕੇ ਫੈਡਰਲ ਇਨਕਮ ਸਪੋਰਟ 'ਤੇ ਚਲੇ ਗਏ ਹਨ, ਮੈਡੀਕਲ ਸਰਵਿਸਿਜ਼ ਪਲੈਨ, ਫਾਰਮਾਕੇਅਰ, ਦੰਦਾਂ ਦੇ ਮੁਢਲੇ ਇਲਾਜ, ਨਿਗ੍ਹਾ ਅਤੇ ਹੋਰ ਮਨਜ਼ੂਰਸ਼ੁਦਾ ਡਾਕਟਰੀ ਮਦਦ ਨਾਲ ਸੰਬੰਧਿਤ ਖਰਚਿਆਂ ਲਈ ਕਵਰੇਜ ਲੈਣ ਦੇ ਯੋਗ ਹੋ ਸਕਦੇ ਹਨ।

ਹੋਰ ਜਾਣਕਾਰੀ ਮਨਿਸਟਰੀ ਆਫ ਇੰਪਲੌਏਮੈਂਟ ਐਂਡ ਇਨਕਮ ਅਸਿਸਟੈਂਸ ਦੇ ਵੈੱਬਸਾਈਟ ਤੋਂ ਮਿਲਦੀ ਹੈ: www.eia.gov.bc.ca/factsheets/2004/MSO.htm

## ਟਰੈਵਲ ਅਸਿਸਟੈਂਸ ਪ੍ਰੋਗਰਾਮ

ਟਰੈਵਲ ਅਸਿਸਟੈਂਸ ਪ੍ਰੋਗਰਾਮ (ਟੀ ਏ ਪੀ), ਬੀ.ਸੀ. ਦੇ ਉਨ੍ਹਾਂ ਯੋਗ ਵਸਨੀਕਾਂ ਨੂੰ ਸਫਰ ਕਰਨ ਵਿਚ ਰਿਆਇਤ ਦਿੰਦਾ ਹੈ ਜਿਨ੍ਹਾਂ ਨੂੰ ਉਨ੍ਹਾਂ ਗੈਰ-ਐਮਰਜੰਸੀ ਡਾਕਟਰੀ ਸੇਵਾਵਾਂ ਲਈ ਸੂਬੇ ਅੰਦਰ ਹੀ ਕਿਸੇ ਹੋਰ ਥਾਂ ਜਾਣਾ ਪੈਣਾ ਹੈ ਜਿਹੜੀਆਂ ਉਨ੍ਹਾਂ ਦੇ ਇਲਾਕੇ ਵਿਚ ਮੌਜੂਦ ਨਹੀਂ ਹਨ, ਅਤੇ ਜਿਨ੍ਹਾਂ ਦੇ ਸਫਰ ਦਾ ਖਰਚਾ ਕਿਸੇ ਤੀਜੀ ਧਿਰ ਦੀ ਇਨਸ਼ੋਰੈਂਸ ਜਾਂ ਕਿਸੇ ਹੋਰ ਸਰਕਾਰੀ ਪ੍ਰੋਗਰਾਮ ਅਧੀਨ ਕਵਰ ਨਹੀਂ ਹੈ। ਇਸ ਲਈ ਡਾਕਟਰ ਦੀ ਮਨਜ਼ੂਰੀ ਜ਼ਰੂਰੀ ਹੈ ਅਤੇ ਮਰੀਜ਼ ਲਈ ਡਾਕਟਰ ਕੋਲੋਂ ਇਕ ਟੀ ਏ ਪੀ ਫਾਰਮ ਭਰਵਾਉਣਾ ਜ਼ਰੂਰੀ ਹੈ। ਰਿਆਇਤ ਹਾਸਲ ਕਰਨ ਲਈ ਮਨਜ਼ੂਰੀ ਨੰਬਰ ਲੈਣ ਲਈ ਸਫਰ ਕਰਨ ਤੋਂ ਪਹਿਲਾਂ ਟੀ ਏ ਪੀ ਪ੍ਰੋਗਰਾਮ ਨਾਲ ਸੰਪਰਕ ਕਰਨਾ ਜ਼ਰੂਰੀ ਹੈ।

ਟੀ ਏ ਪੀ ਪ੍ਰਾਈਵੇਟ ਅਤੇ ਸਰਕਾਰੀ ਖੇਤਰ ਦਾ ਇਕ ਸਾਂਝਾ ਪ੍ਰੋਗਰਾਮ ਹੈ ਜਿਸ ਦਾ ਪ੍ਰਬੰਧ ਮਨਿਸਟਰੀ ਆਫ ਹੈੱਲਥ ਵਲੋਂ ਕੀਤਾ ਜਾਂਦਾ ਹੈ। ਮਨਿਸਟਰੀ ਸਿੱਧੀ ਮਾਇਕ ਸਹਾਇਤਾ ਨਹੀਂ ਦਿੰਦੀ। ਸਗੋਂ, ਆਵਾਜਾਈ ਦੇ ਸਾਧਨਾਂ ਵਾਲੇ ਹਿੱਸੇਦਾਰ ਆਪਣੀਆਂ ਆਮ ਫੀਸਾਂ ਨਹੀਂ ਲੈਂਦੇ ਜਾਂ ਇਨ੍ਹਾਂ 'ਤੇ ਰਿਆਇਤ ਦਿੰਦੇ ਹਨ।

ਜ਼ਿਆਦਾ ਜਾਣਕਾਰੀ ਲੈਣ ਲਈ ਅਤੇ ਆਪਣਾ ਭਰਿਆ ਹੋਇਆ ਟੀ ਏ ਪੀ ਫਾਰਮ ਮਨਜ਼ੂਰ ਕਰਵਾਉਣ ਲਈ ਸਾਡੀ ਆਟੋਮੇਟਿਡ ਸਰਵਿਸ ਨਾਲ ਸੰਪਰਕ ਕਰੋ:

ਟੋਲ ਫਰੀ 1 800 661-2668
ਗਰੇਟਰ ਵਿਕਟੋਰੀਆ 250 952-2657

# ਸਿਹਤ ਸੇਵਾਵਾਂ

ਇਸ ਐਡਰੈੱਸ 'ਤੇ ਟਰੈਵਲ ਅਸਿਸਟੈਂਸ ਵੈੱਬਸਾਈਟ ਦੇਖੋ:

www.healthservices.gov.bc.ca/rural/tap_patient.html

ਇਹ ਪਤਾ ਲਾਉਣ ਲਈ ਤੁਸੀਂ ਆਪਣੀ ਹੈੱਲਥ ਅਥਾਰਟੀ ਨਾਲ ਵੀ ਸੰਪਰਕ ਕਰ ਸਕਦੇ ਹੋ ਕਿ ਕੀ ਤੁਸੀਂ ਸਫਰ ਲਈ ਕਿਸੇ ਹੋਰ ਸਹਾਇਤਾ ਲੈਣ ਦੇ ਹੱਕਦਾਰ ਹੋ।

## ਅਕਿਊਟ, ਹੋਮ ਅਤੇ ਕਮਿਊਨਟੀ ਕੇਅਰ ਸੇਵਾਵਾਂ

ਬੀ.ਸੀ. ਦੀਆਂ ਹੈੱਲਥ ਅਥਾਰਟੀਆਂ ਉਨ੍ਹਾਂ ਲੋਕਾਂ ਦੀ ਮਦਦ ਲਈ ਵੱਖ ਵੱਖ ਤਰ੍ਹਾਂ ਦੀਆਂ ਅਕਿਊਟ ਐਂਡ ਕਮਿਊਨਟੀ ਹੈੱਲਥ ਸੇਵਾਵਾਂ, ਰਿਹਾਇਸ਼ੀ ਸੇਵਾਵਾਂ ਅਤੇ ਖਾਸ ਮਦਦ ਦੀਆਂ ਸੇਵਾਵਾਂ ਪ੍ਰਦਾਨ ਕਰਦੀਆਂ ਹਨ ਜਿਨ੍ਹਾਂ ਦੀ ਆਜ਼ਾਦ ਰਹਿਣ ਦੀ ਸਮਰਥਾ ਸਿਹਤ ਨਾਲ ਸੰਬੰਧਿਤ ਸਮੱਸਿਆਵਾਂ ਕਰਕੇ ਪ੍ਰਭਾਵਿਤ ਹੋਈ ਹੈ। ਲੋੜੀਂਦੀ ਸਹਾਇਤਾ ਅਤੇ ਆਸਰੇ ਦੀ ਕਿਸਮ ਵੱਖ ਵੱਖ ਵਿਅਕਤੀਆਂ ਲਈ ਵੱਖ ਵੱਖ ਹੁੰਦੀ ਹੈ ਅਤੇ ਲੋੜੀਂਦੀ ਸਰਵਿਸ ਦੀ ਮਾਤਰਾ ਸਮੇਂ ਨਾਲ ਬਦਲ ਸਕਦੀ ਹੈ।

### ਅਕਿਊਟ ਕੇਅਰ

ਜਦੋਂ ਤੁਹਾਨੂੰ ਬੀ ਸੀ ਦੇ ਕਿਸੇ ਅਕਿਊਟ ਕੇਅਰ ਹਸਪਤਾਲ ਵਿਚ ਦਾਖਲ ਕੀਤਾ ਜਾਂਦਾ ਹੈ ਤਾਂ ਤੁਹਾਨੂੰ ਹਸਪਤਾਲ ਵਿਚ ਮਰੀਜ਼ ਹੋਣ ਦੌਰਾਨ ਆਪਣੇ ਆਪ ਹੀ ਸਟੈਂਡਰਡ ਵਾਰਡ, ਖਾਣਾ, ਨਰਸਾਂ ਦੀਆਂ ਅਤੇ ਹੋਰ ਸੇਵਾਵਾਂ ਦਿੱਤੀਆਂ ਜਾਂਦੀਆਂ ਹਨ। ਹੋਰ ਸੇਵਾਵਾਂ ਵਿਚ ਇਹ ਸੇਵਾਵਾਂ ਸ਼ਾਮਲ ਹੋ ਸਕਦੀਆਂ ਹਨ:

- ਲੈਬਾਰਟਰੀ ਅਤੇ ਐਕਸਰੇ;
- ਡਾਕਟਰੀ ਤੌਰ 'ਤੇ ਮਨਜ਼ੂਰਸ਼ੁਦਾ ਦਵਾਈਆਂ;
- ਬਹੁਤੀ ਮੈਡੀਕਲ ਸਾਮੱਗਰੀ;
- ਅਪਰੇਸ਼ਨ ਅਤੇ ਕੇਸ ਰੂਮ ਦੀਆਂ ਸੁਵਿਧਾਵਾਂ;
- ਬੇਹੋਸ਼ ਕਰਨ ਵਾਲੇ ਸਾਮਾਨ ਦੀ ਵਰਤੋਂ, ਸਾਮੱਗਰੀ ਅਤੇ ਅਪਰੇਸ਼ਨ ਲਈ ਆਮ ਸਾਮੱਗਰੀ;
- ਰੇਡਿਓਥੈਰੇਪੀ ਅਤੇ ਫਿਜ਼ੀਓਥੈਰੇਪੀ ਦੀਆਂ ਸਹੂਲਤਾਂ, ਜਿੱਥੇ ਮੌਜੂਦ ਹੋਣ; ਅਤੇ
- ਲੋੜ ਮੁਤਾਬਕ ਹੋਰ ਸੇਵਾਵਾਂ।

ਜੇ ਤੁਸੀਂ ਹਸਪਤਾਲ ਵਿਚ ਪ੍ਰਾਈਵੇਟ ਜਾਂ ਅਰਧ ਪ੍ਰਾਈਵੇਟ ਕਮਰਾ ਲੈਣਾ ਚਾਹੋ ਤਾਂ ਤੁਹਾਨੂੰ ਹਸਪਤਾਲ ਵਲੋਂ ਮਿੱਥੀ ਕਮਰੇ ਦੀ ਫੀਸ ਦੇਣ ਦੀ ਲੋੜ ਪਵੇਗੀ ਪਰ ਕੁਝ ਤੀਜੀ ਧਿਰ ਦੀਆਂ

# ਸਿਹਤ ਸੇਵਾਵਾਂ

ਮੈਡੀਕਲ ਪਲੈਨਾਂ ਵੀ ਇਹ ਖਰਚਾ ਕਵਰ ਕਰਦੀਆਂ ਹਨ।

## ਘਰ ਅਤੇ ਕਮਿਉਨਟੀ ਵਿਚ ਸੰਭਾਲ

ਘਰ ਅਤੇ ਕਮਿਉਨਟੀ ਵਿਚ ਸੰਭਾਲ ਦੀਆਂ ਸੇਵਾਵਾਂ, ਬ੍ਰਿਟਿਸ਼ ਕੋਲੰਬੀਆ ਦੇ ਉਨ੍ਹਾਂ ਹੱਕਦਾਰ ਵਿਅਕਤੀਆਂ ਲਈ ਸਿਹਤ ਸੰਭਾਲ ਅਤੇ ਸਹਾਇਤਾ ਦੀਆਂ ਸੇਵਾਵਾਂ ਪ੍ਰਦਾਨ ਕਰਦੀਆਂ ਹਨ ਜਿਨ੍ਹਾਂ ਨੂੰ ਗੰਭੀਰ ਅਤੇ ਚਿਰਕਾਲੀ ਬੀਮਾਰੀਆਂ ਹਨ ਅਤੇ ਜਿਨ੍ਹਾਂ ਨੂੰ ਪੀੜ ਘਟਾਊ ਜਾਂ ਪੁਨਰ ਵਾਸ ਦੀਆਂ ਸੇਵਾਵਾਂ ਦੀ ਲੋੜ ਹੈ। ਇਹ ਸੇਵਾਵਾਂ ਹੈੱਲਥ ਅਥਾਰਟੀਆਂ ਵਲੋਂ ਜਾਂ ਸਿੱਧੀਆਂ ਦਿੱਤੀਆਂ ਜਾਂਦੀਆਂ ਹਨ ਜਾਂ ਬਿਨਾਂ ਮੁਨਾਫੇ ਤੋਂ ਅਤੇ ਮੁਨਾਫੇ ਲਈ ਰਿਹਾਇਸ਼ਾਂ ਅਤੇ ਸੰਭਾਲ ਪ੍ਰਦਾਨ ਕਰਨ ਵਾਲਿਆਂ ਦੇ ਸਹਿਯੋਗ ਨਾਲ ਦਿੱਤੀਆਂ ਜਾਂਦੀਆਂ ਹਨ।

ਪਰਿਵਾਰਾਂ ਅਤੇ ਦੋਸਤਾਂ ਵਾਲੇ ਵਿਅਕਤੀਆਂ ਲਈ ਇਹ ਸੇਵਾਵਾਂ ਸਹਾਇਕ ਅਤੇ ਮਦਦਗਾਰ ਹਨ ਪਰ ਇਹ ਵਿਅਕਤੀਆਂ ਦੀ, ਆਪਣੇ ਪਰਿਵਾਰਾਂ, ਦੋਸਤਾਂ ਅਤੇ ਕਮਿਉਨਟੀ ਦੀ ਮਦਦ ਨਾਲ ਆਪਣੀ ਸੰਭਾਲ ਕਰਨ ਦੀਆਂ ਕੋਸ਼ਿਸ਼ਾਂ ਦੀ ਥਾਂ ਨਹੀਂ ਲੈਂਦੀਆਂ।

ਘਰ ਵਿਚ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਵਿਚ, ਹੋਮ ਕੇਅਰ ਨਰਸਿੰਗ, ਪੁਨਰਵਾਸ, ਘਰ ਵਿਚ ਸਹਾਇਤਾ ਅਤੇ ਪੀੜ ਘਟਾਊ ਸੰਭਾਲ ਸ਼ਾਮਲ ਹਨ। ਕਮਿਉਨਟੀ-ਆਧਾਰਿਤ ਸੇਵਾਵਾਂ ਵਿਚ ਬਾਲਗਾਂ ਲਈ ਦਿਨ ਦੇ ਪ੍ਰੋਗਰਾਮ, ਖਾਣਿਆਂ ਦੇ ਪ੍ਰੋਗਰਾਮ, ਸਹਾਇਕ ਰਹਿਣੀ, ਰਿਹਾਇਸ਼ੀ ਸੰਭਾਲ ਦੀਆਂ ਸੇਵਾਵਾਂ ਅਤੇ ਹੌਸਪਿਸ ਕੇਅਰ ਦੀਆਂ ਸੇਵਾਵਾਂ ਸ਼ਾਮਲ ਹਨ। ਕੇਸ ਦੇ ਪ੍ਰਬੰਧ ਦੀਆਂ ਸੇਵਾਵਾਂ ਘਰ ਅਤੇ ਕਮਿਉਨਟੀ ਵਿਚ ਦੋਨੋਂ ਥਾਈਂ ਦਿੱਤੀਆਂ ਜਾਂਦੀਆਂ ਹਨ। ਲੋੜੀਂਦੀ ਸੰਭਾਲ ਦੀ ਕਿਸਮ ਅਤੇ ਵਿਅਕਤੀ ਦੀ ਆਮਦਨ ਮੁਤਾਬਕ ਕੁਝ ਸੇਵਾਵਾਂ ਦਾ ਖਰਚਾ ਦੇਣਾ ਪੈ ਸਕਦਾ ਹੈ। ਜ਼ਿਆਦਾ ਜਾਣਕਾਰੀ ਲਈ ਆਪਣੀ ਹੈੱਲਥ ਅਥਾਰਟੀ ਨਾਲ ਸੰਪਰਕ ਕਰੋ।

## ਘਰ ਅਤੇ ਕਮਿਉਨਟੀ ਵਿਚ ਸੰਭਾਲ ਦੀਆਂ ਸੇਵਾਵਾਂ

- ਜਿੰਨੇ ਸਮੇਂ ਲਈ ਵੀ ਸੰਭਵ ਹੋਵੇ ਕਲਾਇੰਟਾਂ (ਗਾਹਕਾਂ) ਦੀ ਆਜ਼ਾਦ ਰਹਿਣ ਅਤੇ ਆਪਣੇ ਘਰਾਂ ਵਿਚ ਰਹਿਣ ਵਿਚ ਮਦਦ ਕਰਦੀਆਂ ਹਨ;
- ਉਨ੍ਹਾਂ ਕਲਾਇੰਟਾਂ ਨੂੰ ਘਰ ਵਿਚ ਸੇਵਾਵਾਂ ਦਿੰਦੀਆਂ ਹਨ, ਜਿਨ੍ਹਾਂ ਨੂੰ ਜਾਂ ਤਾਂ ਹਸਪਤਾਲ ਵਿਚ ਦਾਖਲ ਹੋਣਾ ਪੈਣਾ ਸੀ ਜਾਂ ਹਸਪਤਾਲ ਵਿਚ ਲੰਮੇ ਸਮੇਂ ਲਈ ਰਹਿਣਾ ਪੈਣਾ ਸੀ;
- ਉਨ੍ਹਾਂ ਕਲਾਇੰਟਾਂ ਨੂੰ ਰਹਿਣੀ-ਬਹਿਣੀ ਵਿਚ ਸਹਾਇਤਾ ਅਤੇ ਰਿਹਾਇਸ਼ੀ ਸੰਭਾਲ ਦੀਆਂ ਸੇਵਾਵਾਂ ਪ੍ਰਦਾਨ ਕਰਦੀਆਂ ਹਨ ਜਿਨ੍ਹਾਂ ਦੀ ਹੁਣ ਉਨ੍ਹਾਂ ਦੇ ਘਰਾਂ ਵਿਚ ਸਹਾਇਤਾ ਨਹੀਂ ਕੀਤੀ ਜਾ ਸਕਦੀ; ਅਤੇ

# ਸਿਹਤ ਸੇਵਾਵਾਂ

- ਅਜਿਹੀਆਂ ਸੇਵਾਵਾਂ ਦਿੰਦੀਆਂ ਹਨ ਜਿਹੜੀਆਂ ਜ਼ਿੰਦਗੀ ਦੇ ਅੰਤ ਦੇ ਨੇੜੇ ਵਾਲੇ ਲੋਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਘਰ ਵਿਚ, ਸਹਾਇਕ ਰਹਿਣੀ ਵਾਲੇ ਸਥਾਨ 'ਤੇ, ਰਿਹਾਇਸ਼ੀ ਸੰਭਾਲ ਜਾਂ ਹੌਸਪਿਸ ਵਿਚ ਮਦਦ ਕਰਦੀਆਂ ਹਨ।

## ਕੌਣ ਹੱਕਦਾਰ ਹੈ

ਹੋਮ ਕੇਅਰ ਨਰਸਿੰਗ, ਫਿਜ਼ੀਓਥੈਰੇਪੀ ਜਾਂ ਆਕੂਪੇਸ਼ਨਲ ਥੈਰੇਪੀ ਵਰਗੀਆਂ ਸੇਵਾਵਾਂ ਲੈਣ ਦੇ ਯੋਗ ਹੋਣ ਲਈ ਕਲਾਇੰਟਾਂ ਲਈ

- ਬ੍ਰਿਟਿਸ਼ ਕੋਲੰਬੀਆ ਦੇ ਵਸਨੀਕ ਹੋਣਾ ਜ਼ਰੂਰੀ ਹੈ;
- ਕੈਨੇਡੀਅਨ ਸਿਟੀਜ਼ਨ ਹੋਣਾ ਜਾਂ ਪੱਕੇ ਵਸਨੀਕ ਦਾ ਦਰਜਾ ਰੱਖਦੇ ਹੋਣਾ ਜ਼ਰੂਰੀ ਹੈ (ਲੈਂਡਿਡ ਇਮੀਂਗਰਾਂਟ ਜਾਂ ਮਨਿਸਟਰ ਦਾ ਪਰਮਿਟ ਜਿਸ ਨੂੰ ਮਨਿਸਟਰੀ ਆਫ ਹੈੱਲਥ ਮੈਡੀਕਲ ਐਡਵਾਈਜ਼ਰੀ ਕਮੇਟੀ ਤੋਂ ਮਨਜ਼ੂਰੀ ਮਿਲੀ ਹੋਵੇ); ਅਤੇ
- ਅਕਿਊਟ ਕੇਅਰ ਹਸਪਤਾਲ ਤੋਂ ਛੁੱਟੀ ਤੋਂ ਬਾਅਦ ਸੰਭਾਲ ਦੀ ਲੋੜ, ਅਤੇ ਹਸਪਤਾਲ ਦੇ ਥਾਂ ਘਰ ਵਿਚ, ਜਾਂ ਕਿਸੇ ਮਾਰੂ ਬੀਮਾਰੀ ਕਾਰਨ ਸੰਭਾਲ ਦੀ ਲੋੜ ਹੋਣਾ ਜ਼ਰੂਰੀ ਹੈ।

ਸਬਸਿਡੀ ਵਾਲੀਆਂ ਸੇਵਾਵਾਂ ਜਿਵੇਂ ਕਿ ਘਰ ਵਿਚ ਸਹਾਇਤਾ, ਸਹਾਇਕ ਰਹਿਣੀ, ਅਡੱਲਟ ਡੇਅ ਕੇਅਰ, ਕੇਸ ਪ੍ਰਬੰਧ, ਰਿਹਾਇਸ਼ੀ ਸੰਭਾਲ ਦੀਆਂ ਸੇਵਾਵਾਂ ਅਤੇ/ਜਾਂ ਪੀੜ-ਘਟਾਊ ਸੇਵਾਵਾਂ ਲਈ ਯੋਗ ਹੋਣ ਲਈ, ਕਲਾਇੰਟਾਂ ਲਈ:

- 19 ਸਾਲ ਜਾਂ ਜ਼ਿਆਦਾ ਉਮਰ ਦੇ ਹੋਣਾ ਜ਼ਰੂਰੀ ਹੈ;
- ਲੋੜੀਂਦੇ ਸਮੇਂ ਲਈ ਬ੍ਰਿਟਿਸ਼ ਕੋਲੰਬੀਆ ਵਿਚ ਰਹਿੰਦੇ ਹੋਣਾ ਚਾਹੀਦਾ ਹੈ, ਅਤੇ ਇਹ ਸਰਵਿਸ 'ਤੇ ਨਿਰਭਰ ਕਰਦਾ ਹੈ, ਤਾਜ਼ੀ ਜਾਣਕਾਰੀ ਲਈ ਲੋਕਲ ਹੈੱਲਥ ਅਥਾਰਟੀ ਨਾਲ ਸੰਪਰਕ ਕਰੋ;
- ਕੈਨੇਡੀਅਨ ਸਿਟੀਜ਼ਨ ਹੋਣਾ ਜਾਂ ਪੱਕੇ ਵਸਨੀਕ ਦਾ ਦਰਜਾ ਰੱਖਦੇ ਹੋਣਾ ਜ਼ਰੂਰੀ ਹੈ (ਲੈਂਡਿਡ ਇਮੀਂਗਰਾਂਟ ਜਾਂ ਮਨਿਸਟਰ ਦਾ ਪਰਮਿਟ ਜਿਸ ਨੂੰ ਮਨਿਸਟਰੀ ਆਫ ਹੈੱਲਥ ਮੈਡੀਕਲ ਐਡਵਾਈਜ਼ਰੀ ਕਮੇਟੀ ਤੋਂ ਮਨਜ਼ੂਰੀ ਮਿਲੀ ਹੋਵੇ); ਅਤੇ
- ਸਿਹਤ ਨਾਲ ਸੰਬੰਧਿਤ ਪੁਰਾਣੀ ਸਮੱਸਿਆ ਕਾਰਨ ਆਜ਼ਾਦ ਰਹਿਣ ਤੋਂ ਅਸਮਰਥ ਹੋਣਾ ਜ਼ਰੂਰੀ ਹੈ, ਜਾਂ ਡਾਕਟਰ ਵਲੋਂ ਅਜਿਹੀ ਬੀਮਾਰੀ ਦੀ ਪਛਾਣ ਕੀਤੀ ਗਈ ਹੋਣੀ ਜ਼ਰੂਰੀ ਹੈ ਜਿਹੜੀ ਅੰਤਿਮ ਸਟੇਜ ਵਾਲੀ ਹੋਵੇ।

## ਸੇਵਾਵਾਂ ਲੈਣਾ

ਹੋਮ ਐਂਡ ਕਮਿਊਨਟੀ ਕੇਅਰ ਸੇਵਾਵਾਂ ਲਈ ਅਪਲਾਈ ਕਰਨ ਲਈ, ਆਪਣੀ ਸਥਾਨਕ ਹੈੱਲਥ

# ਸਿਹਤ ਸੇਵਾਵਾਂ

ਅਥਾਰਟੀ ਨਾਲ ਸੰਪਰਕ ਕਰੋ। ਕਲਾਇੰਟ ਦੀ ਤਰਫੋਂ ਕੋਈ ਰਿਸ਼ਤੇਦਾਰ, ਦੋਸਤ ਜਾਂ ਪ੍ਰੋਫੈਸ਼ਨਲ, ਜਿਵੇਂ ਕਿ ਡਾਕਟਰ, ਨਰਸ, ਫਾਰਮਾਸਿਸਟ ਜਾਂ ਸੋਸ਼ਲ ਵਰਕਰ ਵੀ ਹੈੱਲਥ ਅਥਾਰਟੀ ਨਾਲ ਸੰਪਰਕ ਕਰ ਸਕਦਾ ਹੈ। ਸਟਾਫ ਦਾ ਮੈਂਬਰ ਇਹ ਪਤਾ ਲਾਏਗਾ ਕਿ ਕਲਾਇੰਟ ਨੂੰ ਸੇਵਾਵਾਂ ਦੀ ਕਿੰਨੀ ਜਲਦੀ ਲੋੜ ਹੈ ਅਤੇ ਇਹ ਫੈਸਲਾ ਕਰੇਗਾ ਕਿ ਕੀ ਸੰਭਾਲ ਲਈ ਅਸੈੱਸਮੈਂਟ ਕਰਨ ਦੀ ਲੋੜ ਹੈ ਜਾਂ ਨਹੀਂ।

## ਕੇਸ ਦਾ ਪ੍ਰਬੰਧ ਅਤੇ ਕੇਅਰ ਕੋ-ਆਰਡੀਨੇਸ਼ਨ

ਕੇਸ ਮੈਨੇਜਰ, ਕਲਾਇੰਟਾਂ ਦੀ ਘਰ ਅਤੇ ਕਮਿਊਨਟੀ ਵਿਚ ਸੰਭਾਲ ਦੀਆਂ ਸੇਵਾਵਾਂ ਲੈਣ ਵਿਚ ਮਦਦ ਕਰਨ ਲਈ ਕੋਆਰਡੀਨੇਟਰਾਂ ਦੇ ਤੌਰ 'ਤੇ ਕੰਮ ਕਰਦੇ ਹਨ। ਉਹ ਸੇਵਾਵਾਂ ਦੀ ਕਿਸਮ, ਤੀਬਰਤਾ ਅਤੇ ਮਿਆਦ ਦਾ ਫੈਸਲਾ ਕਰਦੇ ਹਨ ਜੋ ਕਿ ਕਲਾਇੰਟਾਂ ਦੀਆਂ ਲੋੜਾਂ ਬਿਹਤਰ ਤਰੀਕੇ ਨਾਲ ਪੂਰੀਆਂ ਕਰਦੀਆਂ ਹੋਣ ਅਤੇ ਇਨ੍ਹਾਂ ਸੇਵਾਵਾਂ ਦਾ ਪ੍ਰਬੰਧ ਕਰਦੇ ਹਨ।

ਸੰਭਾਲ ਦੀਆਂ ਸੇਵਾਵਾਂ ਦਾ ਪ੍ਰਬੰਧ ਕਰਨ ਲਈ ਅਤੇ ਜੇ ਸਿਹਤ ਸੰਭਾਲ ਦੀਆਂ ਲੋੜਾਂ ਬਦਲ ਜਾਣ ਤਾਂ ਲੋੜੀਂਦੀ ਸੁਧਾਈ ਕਰਨ ਲਈ ਕੇਸ ਮੈਨੇਜਰ ਕਲਾਇੰਟ ਨਾਲ ਸੰਪਰਕ ਰੱਖੇਗਾ।

## ਘਰ ਵਿਚ ਸਹਾਇਤਾ

ਘਰ ਵਿਚ ਸਹਾਇਤਾ ਦੀਆਂ ਸੇਵਾਵਾਂ ਕਲਾਇੰਟਾਂ ਦੀ ਆਪਣੇ ਘਰਾਂ ਵਿਚ ਰਹਿਣ ਵਿਚ ਮਦਦ ਕਰਦੀਆਂ ਹਨ। ਹੋਮ ਸਪੋਰਟ ਵਰਕਰ ਰੋਜ਼ਾਨਾ ਕਾਰਜਾਂ ਵਿਚ ਨਿੱਜੀ ਸਹਾਇਤਾ ਕਰਦੇ ਹਨ, ਜਿਵੇਂ ਨਹਾਉਣ, ਕੱਪੜੇ ਪਾਉਣ, ਕੰਘੀ ਕਰਨ ਅਤੇ ਕਲਾਇੰਟਾਂ ਲਈ ਸੁਰੱਖਿਅਤ ਅਤੇ ਸਹਾਇਤਾਕਾਰੀ ਘਰ ਬਣਾਈ ਰੱਖਣ ਵਿਚ ਮਦਦ ਕਰਨ ਵਾਲੇ ਘਰ ਦੇ ਹਲਕੇ ਕੰਮਾਂ ਵਿਚ।

## ਆਜ਼ਾਦ ਰਹਿਣੀ ਲਈ ਸਹਾਇਤਾ ਵਿੱਚੋਂ ਚੋਣ (ਸੀ ਐੱਸ ਆਈ ਐੱਲ)

ਆਜ਼ਾਦ ਰਹਿਣੀ ਲਈ ਸਹਾਇਤਾ ਵਿੱਚੋਂ ਚੋਣ (ਸੀ ਐੱਸ ਆਈ ਐੱਲ) ਘਰ ਵਿਚ ਸਹਾਇਤਾ ਮੰਗਣ ਵਾਲੇ ਕਲਾਇੰਟਾਂ ਲਈ ਇਕ ਬਦਲ ਹੈ ਜਿਹੜੇ ਘਰ ਵਿਚ ਸਹਾਇਤਾ ਦੀਆਂ ਸੇਵਾਵਾਂ ਦੇ ਪ੍ਰਬੰਧ ਵਿਚ ਜ਼ਿਆਦਾ ਲਚਕਤਾ ਚਾਹੁੰਦੇ ਹਨ। ਸੀ ਐੱਸ ਆਈ ਐੱਲ ਕਲਾਇੰਟਾਂ ਨੂੰ ਆਪਣੀਆਂ ਸੇਵਾਵਾਂ ਖਰੀਦਣ ਲਈ ਪੈਸੇ ਮਿਲਦੇ ਹਨ। ਉਹ ਹੋਮ ਸਪੋਰਟ ਵਰਕਰ ਰੱਖਣ, ਉਨ੍ਹਾਂ ਦੀ ਟਰੇਨਿੰਗ, ਟਾਈਮ ਟੇਬਲ ਬਣਾਉਣ ਅਤੇ ਨਿਗਰਾਨੀ ਕਰਨ ਦਾ ਪ੍ਰਬੰਧ ਕਰਦੇ ਹਨ, ਤਾਲਮੇਲ ਕਰਦੇ ਹਨ ਅਤੇ ਇਸ ਸੱਭ ਕੁਝ ਲਈ ਮਾਇਕ ਤੌਰ ਤੇ ਜ਼ਿੰਮੇਵਾਰ ਬਣਦੇ ਹਨ।

ਪਰਿਵਾਰ ਦੇ ਜਿਹੜੇ ਮੈਂਬਰ ਕਲਾਇੰਟ ਦੇ ਨਾਲ ਨਹੀਂ ਰਹਿੰਦੇ ਪਰ ਸੰਭਾਲ ਅਤੇ ਸਹਾਇਤਾ ਕਰਦੇ

# ਸਿਹਤ ਸੇਵਾਵਾਂ

ਹਨ ਇਸ ਪ੍ਰੋਗਰਾਮ ਰਾਹੀਂ ਫੰਡਾਂ ਦੇ ਹੱਕਦਾਰ ਹੋ ਸਕਦੇ ਹਨ। ਕਲਾਇੰਟ ਦੇ ਨਾਲ ਰਹਿਣ ਵਾਲੇ ਆਮ ਤੌਰ 'ਤੇ ਇਨ੍ਹਾਂ ਦੇ ਹੱਕਦਾਰ ਨਹੀਂ ਹੁੰਦੇ, ਭਾਵੇਂ ਕਿ ਕੁਝ ਛੋਟਾਂ ਦਿੱਤੀਆਂ ਜਾ ਸਕਦੀਆਂ ਹਨ।

ਬਜ਼ੁਰਗ ਅਤੇ ਉਹ ਅਪਾਹਜ ਵਿਅਕਤੀ, ਜਿਹੜੇ ਆਪਣੀ ਸੰਭਾਲ ਨੂੰ ਸੇਧ ਦੇਣ ਦੇ ਯੋਗ ਨਹੀਂ ਜਾਂ ਸਦਾ ਯੋਗ ਨਹੀਂ ਹੁੰਦੇ, ਉਹ ਕਿਸੇ ਕਲਾਇੰਟ ਸਪੋਰਟ ਗਰੁੱਪ ਰਾਹੀਂ ਸੀ ਐੱਸ ਆਈ ਐੱਲ ਫੰਡ ਲੈ ਸਕਦੇ ਹਨ। ਕਲਾਇੰਟ ਸਪੋਰਟ ਗਰੁੱਪ, ਆਪਣੇ ਕਲਾਇੰਟ ਦੀ ਤਰਫੋਂ ਸਹਾਇਤਾ ਸੇਵਾਵਾਂ ਦਾ ਪ੍ਰਬੰਧ ਕਰਦੇ ਹਨ।

## ਹੋਮ ਕੇਅਰ ਨਰਸਿੰਗ ਅਤੇ ਕਮਿਉਨਟੀ ਰੀਹੈਬਲੀਟੇਸ਼ਨ ਸੇਵਾਵਾਂ

ਹੋਮ ਕੇਅਰ ਨਰਸਿੰਗ ਅਤੇ ਕਮਿਉਨਟੀ ਰੀਹੈਬਲੀਟੇਸ਼ਨ (ਪੁਨਰਵਾਸ) ਸੇਵਾਵਾਂ ਗੈਰ-ਐਮਰਜੰਸੀ, ਘਰ ਵਿਚ ਨਰਸਿੰਗ ਸੰਭਾਲ ਅਤੇ ਰੀਹੈਬਲੀਟੇਸ਼ਨ ਥੈਰੇਪੀ ਦੀਆਂ ਸੇਵਾਵਾਂ ਪ੍ਰਦਾਨ ਕਰਦੀਆਂ ਹਨ। ਉਹ ਬ੍ਰਿਟਿਸ਼ ਕੋਲੰਬੀਆ ਦੇ ਗੰਭੀਰ ਜਾਂ ਪੁਰਾਣੀਆਂ ਬੀਮਾਰੀਆਂ ਵਾਲੇ ਬਾਲਗਾਂ, ਹਸਪਤਾਲ ਵਿਚ ਰਹਿ ਕੇ ਆਏ ਠੀਕ ਹੋ ਰਹੇ ਬਾਲਗਾਂ ਅਤੇ ਆਪਣੀ ਜ਼ਿੰਦਗੀ ਦੇ ਅੰਤ ਦੇ ਨੇੜੇ ਵਾਲੇ ਕਲਾਇੰਟਾਂ ਦੀ ਮਦਦ ਕਰਦੇ ਹਨ।

## ਅਡੱਲਟ ਡੇਅ ਸੈਂਟਰ

ਅਡੱਲਟ ਡੇਅ (ਬਾਲਗਾਂ ਲਈ ਦਿਨ ਦੇ) ਪ੍ਰੋਗਰਾਮ, ਬਜ਼ੁਰਗਾਂ ਅਤੇ ਅਪਾਹਜ ਬਾਲਗਾਂ ਦੀ ਆਪਣੇ ਘਰਾਂ ਵਿਚ ਰਹਿਣ ਵਿਚ ਮਦਦ ਕਰਦੇ ਹਨ। ਉਹ ਗੁਰੱਪਾਂ ਵਿਚ ਸਹਾਇਤਾ ਕਰਨ ਵਾਲੇ ਪ੍ਰੋਗਰਾਮਾਂ ਅਤੇ ਸਰਗਰਮੀਆਂ ਦਾ ਪ੍ਰਬੰਧ ਕਰਦੇ ਹਨ ਜਿਹੜੀਆਂ ਕਲਾਇੰਟਾਂ ਦੀ ਰੋਜ਼ਾਨਾ ਕਾਰਜਾਂ ਵਿਚ ਮਦਦ ਕਰਦੀਆਂ ਹਨ ਅਤੇ ਕਮਿਉਨਟੀ ਵਿਚ ਜ਼ਿਆਦਾ ਸ਼ਮੂਲੀਅਤ ਕਰਨ ਨੂੰ ਉਤਸ਼ਾਹ ਦਿੰਦੀਆਂ ਹਨ। ਹਰ ਸੈਂਟਰ ਦੀਆਂ ਸੇਵਾਵਾਂ ਵੱਖਰੀਆਂ ਹੋ ਸਕਦੀਆਂ ਹਨ ਪਰ ਇਨ੍ਹਾਂ ਵਿਚ ਨਿੱਜੀ ਸੰਭਾਲ, ਸਮਾਜਿਕ ਸਰਗਰਮੀਆਂ ਅਤੇ ਸੰਭਾਲ ਕਰਨ ਵਾਲਿਆਂ ਨੂੰ ਸਾਹ ਦਿਵਾਉਣ ਵਾਲੀਆਂ ਸੇਵਾਵਾਂ ਸ਼ਾਮਲ ਹੋ ਸਕਦੀਆਂ ਹਨ।

## ਸੰਭਾਲ ਕਰਨ ਵਾਲਿਆਂ ਨੂੰ ਰਾਹਤ/ਛੁੱਟੀ

ਰਿਸਪਾਈਟ ਕੇਅਰ, ਸੰਭਾਲ ਕਰਨ ਵਾਲਿਆਂ ਨੂੰ ਕਿਸੇ ਦੋਸਤ ਜਾਂ ਪਰਿਵਾਰ ਦੇ ਮੈਂਬਰ ਦੀ ਸੰਭਾਲ ਕਰਨ ਦੀਆਂ ਮਾਨਸਿਕ ਅਤੇ ਸਰੀਰਕ ਮੰਗਾਂ ਤੋਂ ਆਰਜ਼ੀ ਰਾਹਤ ਪੇਸ਼ ਕਰਦੀ ਹੈ। ਇਹ ਸੰਭਾਲ ਕਰਨ ਵਾਲਿਆਂ ਨੂੰ ਕਮਿਉਨਟੀਆਂ ਦੀਆਂ ਸਰਗਰਮੀਆਂ ਵਿਚ ਸ਼ਾਮਲ ਹੋਣ ਜਾਂ ਆਪਣੀ ਸ਼ਕਤੀ ਨੂੰ ਮੁੜ ਕੇ ਕਾਇਮ ਕਰਨ ਦਾ ਮੌਕਾ ਦਿੰਦੀ ਹੈ ਤਾਂ ਜੋ ਉਹ ਉੱਚ ਪੱਧਰ ਦੀ ਸੰਭਾਲ ਕਰਨਾ ਜਾਰੀ ਰੱਖ ਸਕਣ।

# ਸਿਹਤ ਸੇਵਾਵਾਂ

ਇਸ ਰਾਹਤ ਵਿਚ ਘਰ ਵਿਚ ਸਹਾਇਤਾ ਜਾਂ ਕਲਾਇੰਟਾਂ ਨੂੰ ਅਡੱਲਟ ਡੇਅ ਸੈਂਟਰ ਲਿਜਾਣ ਦਾ ਪ੍ਰਬੰਧ ਕਰਨਾ ਜਾਂ ਕਿਸੇ ਸੰਭਾਲ ਕਰਨ ਵਾਲੀ ਥਾਂ ਵਿਚ ਆਰਜ਼ੀ ਤੌਰ ਤੇ ਦਾਖਲ ਕਰਨਾ ਸ਼ਾਮਲ ਹੋ ਸਕਦਾ ਹੈ।

## ਸਹਾਇਕ ਰਹਿਣੀ

ਹੈੱਲਥ ਅਥਾਰਟੀਆਂ ਅਤੇ ਬੀ ਸੀ ਹਾਊਜ਼ਿੰਗ, ਆਜ਼ਾਦ ਅਤੇ ਆਪਣੇ ਇਲਾਕਿਆਂ ਵਿਚ ਰਹਿਣਾ ਚਾਹੁਣ ਵਾਲੇ ਉਨ੍ਹਾਂ ਲੋਕਾਂ ਲਈ ਵਾਰਾ ਖਾਣ ਯੋਗ ਰਿਹਾਇਸ਼ ਅਤੇ ਸੰਭਾਲ ਤਿਆਰ ਕਰਨ ਲਈ, ਮੁਨਾਫੇ ਲਈ ਕੰਮ ਕਰਨ ਵਾਲੀਆਂ ਅਤੇ ਬਿਨਾਂ ਮੁਨਾਫੇ ਤੋਂ ਕੰਮ ਕਰਨ ਵਾਲੀਆਂ ਸੰਸਥਾਵਾਂ ਨਾਲ ਰਲ ਕੇ ਕੰਮ ਕਰ ਰਹੇ ਹਨ।

ਸਹਾਇਕ ਰਹਿਣੀ (ਅਸਿਸਟਡ ਲਿਵਿੰਗ) ਉਨ੍ਹਾਂ ਬਾਲਗਾਂ ਲਈ ਰਿਹਾਇਸ਼, ਖਾਣ-ਪੀਣ ਅਤੇ ਨਿੱਜੀ ਸਹਾਇਤਾ ਦੀਆਂ ਸੇਵਾਵਾਂ ਪ੍ਰਦਾਨ ਕਰਦੀ ਹੈ ਜਿਹੜੇ ਆਜ਼ਾਦ ਰਹਿ ਸਕਦੇ ਹਨ, ਪਰ ਜਿਨ੍ਹਾਂ ਨੂੰ ਆਪਣੀ ਉਮਰ, ਬੀਮਾਰੀ ਜਾਂ ਅਪਾਹਜਤਾ ਕਾਰਨ ਰੋਜ਼ਾਨਾ ਕਾਰਜਾਂ ਵਿਚ ਨੇਮ ਨਾਲ ਸਹਾਇਤਾ ਚਾਹੀਦੀ ਹੈ।

ਇਹ ਰਿਹਾਇਸ਼ਾਂ ਆਮ ਤੌਰ ਤੇ ਅਪਾਰਟਮੈਂਟ ਕੰਪਲੈਕਸ ਤੋਂ ਲੈ ਕੇ ਪ੍ਰਾਈਵੇਟ ਘਰ ਵਾਲੀਆਂ ਹੁੰਦੀਆਂ ਹਨ। ਯੂਨਿਟ ਇਕ ਕਮਰੇ ਤੋਂ ਲੈ ਕੇ ਦੋ ਪ੍ਰਾਈਵੇਟ ਅਪਾਰਟਮੈਂਟ ਦੇ ਰੂਪ ਵਿਚ ਵੱਖ ਵੱਖ ਹੋ ਸਕਦੇ ਹਨ। ਸੇਵਾਵਾਂ ਵਿਚ ਨਹਾਉਣ, ਕੰਘੀ ਕਰਨ, ਕੱਪੜੇ ਪਾਉਣ ਜਾਂ ਚੱਲਣ-ਫਿਰਨ ਵਿਚ ਸਹਾਇਤਾ ਕਰਨਾ ਸ਼ਾਮਲ ਹੋ ਸਕਦਾ ਹੈ। ਖਾਣ, ਘਰ ਦੇ ਕੰਮ ਅਤੇ ਲਾਂਡਰੀ ਕਰਨ ਵਿਚ ਸਹਾਇਤਾ, ਸਮਾਜਿਕ ਮੇਲਜੋਲ ਅਤੇ ਮਨੋਰੰਜਨ ਦੇ ਮੌਕੇ ਅਤੇ 24 ਘੰਟਿਆਂ ਵਿਚ ਕਿਸੇ ਵੀ ਵੇਲੇ ਮਦਦ ਕਰਨ ਦੇ ਸਿਸਟਮ ਵਰਗੀਆਂ ਸਹਾਇਤਾ ਵੀ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

ਸਹਾਇਕ ਰਹਿਣੀ ਨਾਲ ਰਹਿ ਰਹੇ ਵਿਅਕਤੀਆਂ ਦੀ ਸਿਹਤ ਅਤੇ ਸੁਰੱਖਿਆ ਦੀ ਨਿਗਰਾਨੀ ਇਕ ਸੂਬਾਈ ਅਸਿਸਟਡ ਲਿਵਿੰਗ ਰਜਿਸਟਰਾਰ ਵਲੋਂ ਕੀਤੀ ਜਾਂਦੀ ਹੈ। ਰਜਿਸਟਰਾਰ ਇਹ ਯਕੀਨੀ ਬਣਾਉਂਦਾ ਹੈ ਕਿ ਸਿਹਤ ਅਤੇ ਸੁਰੱਖਿਆ ਬਾਰੇ ਸ਼ਿਕਾਇਤਾਂ ਸਮੇਂ ਸਿਰ ਅਤੇ ਅਸਰਦਾਰ ਤਰੀਕੇ ਨਾਲ ਹੱਲ ਕੀਤੀਆਂ ਜਾ ਰਹੀਆਂ ਹਨ। (ਸਫਾ 67 'ਤੇ ਅਸਿਸਟਡ ਲਿਵਿੰਗ ਰਜਿਸਟਰਾਰ ਦੇਖੋ)। ਇੰਡੀਪੈਨਡੈਂਟ ਲਿਵਿੰਗ ਬੀ ਸੀ ਬਾਰੇ ਜਾਣਕਾਰੀ ਲੈਣ ਲਈ ਸਫਾ 36 ਦੇਖੋ।

## ਰਿਹਾਇਸ਼ੀ ਸੰਭਾਲ

ਰਿਹਾਇਸ਼ੀ ਸੰਭਾਲ (ਰੈਜ਼ੀਡੈਂਸ਼ਲ ਕੇਅਰ) ਉਨ੍ਹਾਂ ਲੋਕਾਂ ਲਈ ਹੈ ਜਿਨ੍ਹਾਂ ਨੂੰ 24 ਘੰਟੇ ਪੇਸ਼ਾਵਰ ਨਰਸਿੰਗ ਸਹਾਇਤਾ ਚਾਹੀਦੀ ਹੈ ਅਤੇ ਜਿਨ੍ਹਾਂ ਦੀ ਹੁਣ ਉਨ੍ਹਾਂ ਦੇ ਘਰਾਂ ਵਿਚ ਮਦਦ ਨਹੀਂ ਕੀਤੀ ਜਾ ਸਕਦੀ। ਸੰਭਾਲ ਦੀਆਂ ਗੁੰਝਲਦਾਰ ਲੋੜਾਂ ਵਾਲੇ ਬਜ਼ੁਰਗਾਂ ਅਤੇ ਅਪਾਹਜ ਵਿਅਕਤੀਆਂ ਲਈ

# ਸਿਹਤ ਸੇਵਾਵਾਂ

ਰਿਹਾਇਸ਼ੀ ਸੰਭਾਲ ਇਕ ਸੁਰੱਖਿਅਤ ਅਤੇ ਸਹਾਇਤਾਕਾਰੀ ਮਾਹੌਲ ਪ੍ਰਦਾਨ ਕਰਦੀ ਹੈ। ਜ਼ਿਆਦਾ ਅਤੇ ਫੌਰੀ ਲੋੜ ਵਾਲੇ ਕਲਾਇੰਟਾਂ ਨੂੰ ਪਹਿਲ ਦੇ ਆਧਾਰ ਤੇ ਢੁਕਵਾਂ ਬੈੱਡ ਦਿੱਤਾ ਜਾਂਦਾ ਹੈ ਜਿਸ ਦਾ ਫੈਸਲਾ ਬ੍ਰਿਟਿਸ਼ ਕੋਲੰਬੀਆ ਦੀ ਰਿਹਾਇਸ਼ੀ ਸੰਭਾਲ ਦੀ ਨੀਤੀ ਮੁਤਾਬਕ ਕੀਤਾ ਜਾਂਦਾ ਹੈ।

ਸੇਵਾਵਾਂ ਵਿਚ ਸ਼ਾਮਲ ਹਨ:

- ਖਾਣਿਆਂ ਵਿਚ ਸਹਾਇਤਾ;
- ਦਵਾਈਆਂ ਦੀ ਨਿਗਰਾਨੀ;
- ਰੋਜ਼ਾਨਾ ਕਾਰਜਾਂ ਵਿਚ ਨਿੱਜੀ ਸਹਾਇਤਾ; ਅਤੇ
- ਸਮਾਜਿਕ ਅਤੇ ਮਨੋਰੰਜਨ ਵਾਲੀਆਂ ਸਰਗਰਮੀਆਂ ਦਾ ਇਕ ਵਿਉਂਤਬੰਦ ਪ੍ਰੋਗਰਾਮ।

## ਗਰੁੱਪ ਹੋਮਜ਼

ਅਪਾਹਜ ਬਾਲਗ ਸਰਕਾਰੀ ਫੰਡਾਂ ਨਾਲ ਚੱਲਣ ਵਾਲੇ ਗਰੁੱਪ ਹੋਮਜ਼ ਵਿਚ ਆਜ਼ਾਦਾਨਾ ਤੌਰ ਤੇ ਰਹਿ ਸਕਦੇ ਹਨ। ਗਰੁੱਪ ਹੋਮਜ਼ ਸੁਰੱਖਿਅਤ ਅਤੇ ਵਾਰਾ ਖਾਣ ਯੋਗ ਵਾਲੇ ਘਰ ਹਨ ਜਿਨ੍ਹਾਂ ਵਿਚ ਆਮ ਤੌਰ ਉੱਤੇ ਲੋਕ ਰਹਿ ਸਕਦੇ ਹਨ। ਗਰੁੱਪ ਹੋਮਜ਼ ਥੋੜ੍ਹੇ ਅਤੇ ਲੰਮੇ ਸਮੇਂ ਦੀ ਰਿਹਾਇਸ਼, ਹੁਨਰਾਂ ਦੀ ਟਰੇਨਿੰਗ, ਸਾਥੀ-ਸਹਾਇਤਾ ਅਤੇ ਸਲਾਹ-ਮਸ਼ਵਰਾ ਪ੍ਰਦਾਨ ਕਰਦੇ ਹਨ।

## ਫੈਮਿਲੀ ਕੇਅਰ ਹੋਮਜ਼

ਫੈਮਿਲੀ ਕੇਅਰ ਹੋਮਜ਼, ਇਕ ਪਰਿਵਾਰ ਦੇ ਰਹਿਣ ਵਾਲੇ ਘਰ ਹਨ ਜਿਹੜੇ ਵਸਨੀਕਾਂ ਨੂੰ ਘਰ ਵਰਗਾ ਮਾਹੌਲ ਪ੍ਰਦਾਨ ਕਰਦੇ ਹਨ। ਸੇਵਾਵਾਂ ਵਿਚ ਦੋ ਕਲਾਇੰਟਾਂ ਨੂੰ ਖਾਣੇ, ਘਰ ਦੇ ਕੰਮਾਂ ਕਾਰਾਂ ਦੀਆਂ ਸੇਵਾਵਾਂ ਅਤੇ ਰੋਜ਼ਾਨਾ ਕਾਰਜਾਂ ਵਿਚ ਸਹਾਇਤਾ ਕਰਨਾ ਸ਼ਾਮਲ ਹੈ। ਆਮ ਤੌਰ ਉੱਤੇ ਫੈਮਿਲੀ ਕੇਅਰ ਹੋਮਜ਼ ਪੇਂਡੂ ਇਲਾਕਿਆਂ ਵਿਚ ਜ਼ਿਆਦਾ ਹਨ, ਜਿੱਥੇ ਇਹ ਵਸਨੀਕਾਂ ਦੀ ਆਪਣੀਆਂ ਕਮਿਉਨਟੀਆਂ ਵਿਚ ਰਹਿਣ ਵਿਚ ਮਦਦ ਕਰਦੇ ਹਨ।

## ਜ਼ਿੰਦਗੀ ਦੇ ਅੰਤ ਦੇ ਨੇੜੇ ਸੰਭਾਲ

ਐੱਡ-ਆਫ-ਲਾਈਫ ਕੇਅਰ ਨਾਂ ਦਾ ਪ੍ਰੋਗਰਾਮ, ਦਰਦ ਤੋਂ ਰਾਹਤ ਦਿਵਾ ਕੇ ਜਾਂ ਇਸ ਨੂੰ ਕੰਟਰੋਲ ਕਰਕੇ ਕਲਾਇੰਟਾਂ ਦੇ ਆਰਾਮ, ਸਵੈਮਾਣ ਅਤੇ ਜ਼ਿੰਦਗੀ ਦੀ ਕੁਆਲਟੀ ਨੂੰ ਕਾਇਮ ਰੱਖਦਾ ਹੈ ਤਾਂ ਜੋ ਮੌਤ ਦਾ ਸਾਹਮਣਾ ਕਰ ਰਹੇ ਲੋਕ ਆਪਣਾ ਸਮਾਂ ਆਪਣੇ ਪਿਆਰਿਆਂ ਨਾਲ ਬਿਤਾ ਸਕਣ। ਪੇਸ਼ਾਵਰ ਸੰਭਾਲ ਕਰਨ ਵਾਲੇ ਅਤੇ ਸਹਾਇਤਾ ਕਰਨ ਵਾਲਾ ਸਟਾਫ, ਕਲਾਇੰਟ ਦੇ ਘਰ, ਹਸਪਤਾਲ, ਹੌਸਪਿਸ, ਅਸਿਸਟਿਡ ਲਿਵਿੰਗ ਰੈਜ਼ੀਡੈਂਸ ਜਾਂ ਰੈਜ਼ੀਡੈਂਸ਼ੀਅਲ ਕੇਅਰ

# ਸਿਹਤ ਸੇਵਾਵਾਂ

ਫੈਸਿਲਟੀ ਵਿਚ ਸਹਾਇਤਾਕਾਰੀ ਅਤੇ ਹਮਦਰਦੀਪੂਰਣ ਸੰਭਾਲ ਪ੍ਰਦਾਨ ਕਰਦੇ ਹਨ।

### ਹੌਸਪਿਸ

ਬ੍ਰਿਟਿਸ਼ ਕੋਲੰਬੀਆ ਦੇ ਉਹ ਲੋਕ ਜਿਹੜੇ ਆਪਣੀ ਬੀਮਾਰੀ ਕਾਰਨ ਜ਼ਿੰਦਗੀ ਦੇ ਅੰਤਿਮ ਪੜਾ 'ਤੇ ਹਨ ਜਾਂ ਮੌਤ ਲਈ ਤਿਆਰੀ ਕਰ ਰਹੇ ਹਨ, ਅਤੇ ਜਿਨ੍ਹਾਂ ਨੂੰ ਹਸਪਤਾਲ ਵਿਚ ਇਲਾਜ ਦੀ ਲੋੜ ਨਹੀਂ ਹੈ, ਉਹ ਆਪਣਾ ਬਚਦਾ ਸਮਾ ਹੌਸਪਿਸ ਵਿਚ ਗੁਜ਼ਾਰਨ ਨੂੰ ਤਰਜੀਹ ਦੇ ਸਕਦੇ ਹਨ। ਹੌਸਪਿਸ ਦਾ ਮਾਹੌਲ ਘਰ ਵਰਗਾ ਹੁੰਦਾ ਹੈ ਜਿੱਥੇ ਡਾਕਟਰੀ ਅਤੇ ਨਰਸਿੰਗ ਸੰਭਾਲ ਪ੍ਰਦਾਨ ਕੀਤੀ ਜਾਂਦੀ ਹੈ, ਦਰਦ ਤੋਂ ਰੋਕਥਾਮ ਕੀਤੀ ਜਾਂਦੀ ਹੈ ਅਤੇ ਮਨੋਸਮਾਜਿਕ, ਰੂਹਾਨੀ ਅਤੇ ਸੋਗ ਦੇ ਸਮੇਂ ਦੌਰਾਨ ਮਦਦ ਕੀਤੀ ਜਾਂਦੀ ਹੈ।

### ਬੀ ਸੀ ਪੈਲੀਏਟਿਵ ਕੇਅਰ ਬੈਨੇਫਿਟਸ ਪ੍ਰੋਗਰਾਮ

ਬੀ ਸੀ ਪੈਲੀਏਟਿਵ ਕੇਅਰ ਬੈਨੇਫਿਟਸ ਪ੍ਰੋਗਰਾਮ ਆਪਣੇ ਘਰ ਵਿਚ ਰਹਿ ਰਹੇ ਜ਼ਿੰਦਗੀ ਦੇ ਅੰਤ ਦੇ ਨੇੜੇ ਪਹੁੰਚਣ ਵਾਲੇ ਲੋਕਾਂ ਦੀ ਉਨ੍ਹਾਂ ਦੇ ਘਰਾਂ ਵਿਚ ਪੈਲੀਏਟਿਵ ਕੇਅਰ (ਪੀੜ ਘਟਾਊ ਸੰਭਾਲ) ਲੈਣ ਵਿਚ ਮਦਦ ਕਰਦਾ ਹੈ। ਬ੍ਰਿਟਿਸ਼ ਕੋਲੰਬੀਆ ਦੇ ਲੋਕ ਆਪਣੇ ਡਾਕਟਰ ਰਾਹੀਂ ਅਪਲਾਈ ਕਰ ਸਕਦੇ ਹਨ। ਇਹ ਪ੍ਰੋਗਰਾਮ ਪੈਲੀਏਟਿਵ ਕੇਅਰ ਲਈ ਵਰਤੀਆਂ ਜਾਂਦੀਆਂ ਦਵਾਈਆਂ ਅਤੇ ਕੁਝ ਡਾਕਟਰੀ ਸਾਮੱਗਰੀ ਅਤੇ ਸਾਜ਼-ਸਾਮਾਨ ਲਈ ਕਵਰੇਜ ਪ੍ਰਦਾਨ ਕਰਦਾ ਹੈ।

### ਜ਼ਿਆਦਾ ਜਾਣਕਾਰੀ ਲਈ

ਘਰ ਅਤੇ ਕਮਿਉਨਟੀ ਵਿਚ ਸੰਭਾਲ ਦੀਆਂ ਸੇਵਾਵਾਂ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ, ਹੋਮ ਐਂਡ ਕਮਿਉਨਟੀ ਕੇਅਰ ਦਾ ਵੈੱਬਸਾਈਟ ਦੇਖੋ:www.healthservices.gov.bc.ca/hcc/index.html

## ਫਾਰਮਾਕੇਅਰ

ਫਾਰਮਾਕੇਅਰ, ਡਾਕਟਰ ਦੇ ਲਿਖਣ ਨਾਲ ਮਿਲਣ ਵਾਲੀਆਂ ਯੋਗ ਦਵਾਈਆਂ ਅਤੇ ਮੈਡੀਕਲ ਸਾਮੱਗਰੀ ਲਈ ਸਬਸਿਡੀ ਦਿੰਦਾ ਹੈ। ਫਾਰਮਾਕੇਅਰ, ਫੇਅਰ ਫਾਰਮਾਕੇਅਰ ਅਤੇ ਹੋਰ ਖਾਸ ਪਲੈਨਾਂ ਅਧੀਨ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਨੂੰ ਮਾਇਕ ਸਹਾਇਤਾ ਦਿੰਦਾ ਹੈ।

### ਬੀ.ਸੀ. ਦੀ ਫੇਅਰ ਫਾਰਮਾਕੇਅਰ ਪਲੈਨ

ਬੀ.ਸੀ. ਦੀ ਫੇਅਰ ਫਾਰਮਾਕੇਅਰ ਪਲੈਨ ਮਾਇਕ ਸਹਾਇਤਾ ਦੇਣ ਲਈ ਉਹਨਾਂ ਲੋਕਾਂ 'ਤੇ ਕੇਂਦਰਿਤ ਕਰਦੀ ਹੈ ਜਿਨ੍ਹਾਂ ਨੂੰ ਆਪਣੀ ਅਸਲ ਆਮਦਨ ਦੇ ਮੁਤਾਬਕ ਇਸ ਦੀ ਸੱਭ ਤੋਂ ਜ਼ਿਆਦਾ ਲੋੜ ਹੁੰਦੀ ਹੈ।

# ਸਿਹਤ ਸੇਵਾਵਾਂ

## ਮਹੀਨੇ ਬਾਅਦ ਕਟੌਤੀਆਂ ਕਰਵਾਉਣ ਦੀ ਚੋਣ

ਘੱਟ ਆਮਦਨ ਵਾਲੇ ਬ੍ਰਿਟਿਸ਼ ਕੋਲੰਬੀਅਨਾਂ ਨੂੰ ਕਟੌਤੀ ਨਹੀਂ ਦੇਣਾ ਪੈਂਦੀ ਅਤੇ ਉਨ੍ਹਾਂ ਨੂੰ ਫੇਅਰ ਫਾਰਮਾਕੇਅਰ ਪਲੈਨ ਦੇ ਅਧੀਨ ਡਾਕਟਰ ਦੀ ਪਰਚੀ ਨਾਲ ਮਿਲਣ ਵਾਲੀਆਂ ਯੋਗ ਦਵਾਈਆਂ ਲਈ ਫੌਰੀ ਮਾਇਕ ਸਹਾਇਤਾ ਮਿਲਦੀ ਹੈ।

ਕੁਝ ਪਰਿਵਾਰਾਂ ਨੂੰ ਕਟੌਤੀ ਦੇਣੀ ਪੈਂਦੀ ਹੈ ਜੋ ਕਿ ਉਨ੍ਹਾਂ ਦੇ ਪਰਿਵਾਰ ਦੀ ਨਿਰੋਲ ਆਮਦਨ ’ਤੇ ਆਧਾਰਿਤ ਹੁੰਦੀ ਹੈ। ਇਨ੍ਹਾਂ ਵਿਅਕਤੀਆਂ ਅਤੇ ਪਰਿਵਾਰਾਂ ਦੀ ਮਦਦ ਲਈ ਫਾਰਮਾਕੇਅਰ ਅਦਾਇਗੀ ਨੂੰ ਪੇਮੈਂਟਾਂ ਵਿਚ ਦੇਣ ਦੀ ਸਹੂਲਤ ਦਿੰਦਾ ਹੈ।

ਮਹੀਨੇ ਬਾਅਦ ਕਟੌਤੀਆਂ ਕਰਵਾਉਣ ਦੀ ਚੋਣ (ਮੰਥਲੀ ਡਿਡੱਕਟੇਬਲ ਪੇਮੈਂਟ ਓਪਸ਼ਨ) ਵਿਚ ਦਰਜ ਹੋਣ ਤੋਂ ਬਾਅਦ, ਪਰਿਵਾਰ ਆਪਣੀਆਂ ਫੇਅਰ ਫਾਰਮਾਕੇਅਰ ਕਟੌਤੀਆਂ ਮਹੀਨੇਵਾਰ ਕਿਸ਼ਤਾਂ ਵਿਚ ਦਿੰਦੇ ਹਨ ਅਤੇ ਮੁਨਾਸਬ ਦਵਾਈਆਂ ਖਰੀਦਣ ਦੇ ਖਰਚੇ ਵਿਚ ਫਾਰਮਾਕੇਅਰ ਦੀ ਮਦਦ ਫੌਰਨ ਲੈ ਲੈਂਦੇ ਹਨ।

## ਫੇਅਰ ਫਾਰਮਾਕੇਅਰ ਲਈ ਰਜਿਸਟਰ ਹੋਣਾ

ਤੁਸੀਂ ਫੇਅਰ ਫਾਰਮਾਕੇਅਰ ਲਈ ਟੈਲੀਫੋਨ ਜਾਂ ਇੰਟਰਨੈੱਟ ’ਤੇ ਰਜਿਸਟਰ ਹੋ ਸਕਦੇ ਹੋ। ਫੋਨ ਨੰਬਰ ਅਤੇ ਵੈੱਬਸਾਈਟ ਐਡਰੈਸ ਲੈਣ ਲਈ ਅੱਗੇ ਦਿੱਤੀ ਜਾਣਕਾਰੀ ਦੇਖੋ।

ਰਜਿਸਟਰ ਹੋਣ ਲਈ ਤੁਹਾਨੂੰ ਇਨ੍ਹਾਂ ਚੀਜ਼ਾਂ ਦੀ ਲੋੜ ਪਵੇਗੀ:

- ਤੁਹਾਡਾ, ਤੁਹਾਡੀ ਪਤਨੀ/ਪਤੀ ਦਾ ਬੀ.ਸੀ. ਕੇਅਰਕਾਰਡ, ਅਤੇ ਜੇ ਕੋਈ ਨਿਰਭਰ ਬੱਚਾ ਹੈ ਤਾਂ ਉਸਦਾ ਕੇਅਰਕਾਰਡ;
- ਇਨਕਮ ਟੈਕਸ ਰੀਟਰਨ ਦੀ ਲਾਈਨ 236 ਜਾਂ ਕੈਨੇਡਾ ਕਸਟਮਜ਼ ਐਂਡ ਰੈਵਨਿਊ ਏਜੰਸੀ ਦੇ ਨੋਟਿਸ ਆਫ ਅਸਿਸਮੈਂਟ ਤੋਂ ਦੋ ਸਾਲ ਪਹਿਲਾਂ ਦੀ ਤੁਹਾਡੀ ਅਤੇ ਜੇ ਲਾਗੂ ਹੁੰਦਾ ਹੈ ਤਾਂ ਤੁਹਾਡੀ ਪਤਨੀ/ਪਤੀ ਦੀ ਨਿਰੋਲ ਆਮਦਨ (ਨੈੱਟ ਇਨਕਮ) ਦੀ ਜਾਣਕਾਰੀ;
- ਤੁਹਾਡਾ ਅਤੇ ਜੇ ਲਾਗੂ ਹੁੰਦਾ ਹੈ ਤਾਂ ਤੁਹਾਡੀ ਪਤਨੀ/ਪਤੀ ਦਾ ਸੋਸ਼ਲ ਇਨਸ਼ੋਰੈਂਸ ਨੰਬਰ ਅਤੇ ਜਨਮ ਦੀ ਤਰੀਕ।

ਸਹਿਮਤੀ ਫਾਰਮ ’ਤੇ ਦਸਖਤ ਕਰਨਾ ਅਤੇ ਫਾਰਮਾਕੇਅਰ ਨੂੰ ਵਾਪਸ ਭੇਜਣਾ ਯਾਦ ਰੱਖੋ।

ਫਾਰਮਾਕੇਅਰ ਤੁਹਾਡੇ ਪਰਿਵਾਰ ਦੀ ਦੋ ਸਾਲ ਪਹਿਲਾਂ ਦੀ ਨਿਰੋਲ ਆਮਦਨ ਨੂੰ ਆਧਾਰ ਬਣਾ ਕੇ

# ਸਿਹਤ ਸੇਵਾਵਾਂ

ਤੁਹਾਡੀ ਮਦਦ ਤਹਿ ਕਰਦਾ ਹੈ (ਉਦਾਹਰਣ ਲਈ, 2006 ਵਿਚਲੀ ਮਦਦ ਸਾਲ 2004 ਦੀ ਆਮਦਨ ਦੀ ਜਾਣਕਾਰੀ 'ਤੇ ਆਧਾਰਿਤ ਹੈ)। ਉਸ ਸਾਲ ਤੋਂ ਬਾਅਦ ਜੇ ਤੁਹਾਡੇ ਪਰਿਵਾਰ ਦੀ ਨਿਰੋਲ ਆਮਦਨ ਵਿਚ ਕਾਫੀ ਕਮੀ ਆਈ ਹੈ (10 ਫੀ ਸਦੀ ਜਾਂ ਜ਼ਿਆਦਾ) ਤਾਂ ਤੁਸੀਂ ਆਪਣੀ ਫਾਰਮਾਕੇਅਰ ਮਦਦ ਨੂੰ ਆਪਣੀ ਤਾਜ਼ੀ ਆਮਦਨ ਦੀ ਜਾਣਕਾਰੀ 'ਤੇ ਆਧਾਰਿਤ ਕਰਨ ਲਈ ਅਰਜ਼ੀ ਕਰ ਸਕਦੇ ਹੋ।

### ਜ਼ਿਆਦਾ ਜਾਣਕਾਰੀ ਲਈ

ਫਾਰਮਾਕੇਅਰ ਪਲੈਨ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ ਜਾਂ ਫੇਅਰ ਫਾਰਮਾਕੇਅਰ ਪਲੈਨ ਲਈ ਰਜਿਸਟਰ ਹੋਣ ਲਈ ਤੁਸੀਂ ਪ੍ਰੋਗਰਾਮ ਨੂੰ ਫੋਨ ਕਰ ਸਕਦੇ ਹੋ ਜਾਂ ਉਨ੍ਹਾਂ ਦਾ ਵੈੱਬਸਾਈਟ ਦੇਖ ਸਕਦੇ ਹੋ।

| | |
|---|---|
| ਟੋਲ ਫਰੀ | 1 800 663-7100 |
| ਗਰੇਟਰ ਵੈਨਕੂਵਰ | 604 683-7151 |

ਕਸਟਮਰ ਸਰਵਿਸ ਪ੍ਰਤੀਨਿਧ ਸੋਮਵਾਰ ਤੋਂ ਲੈ ਕੇ ਸ਼ੁਕਰਵਾਰ ਤੱਕ ਸਵੇਰ ਦੇ 8 ਵਜੇ ਤੋਂ ਸ਼ਾਮ ਦੇ 8 ਵਜੇ ਤੱਕ ਅਤੇ ਸਨਿਚਰਵਾਰ ਨੂੰ ਸਵੇਰ ਦੇ 8 ਵਜੇ ਤੋਂ ਲੈ ਕੇ ਦੁਪਹਿਰ ਦੇ 4 ਵਜੇ ਤੱਕ ਮੌਜੂਦ ਹੁੰਦੇ ਹਨ।

| | |
|---|---|
| ਵੈੱਬਸਾਈਟ | www.healthservices.gov.bc.ca/pharme |

## ਮਾਨਸਿਕ ਸਿਹਤ ਦੀਆਂ ਅਤੇ ਨਸ਼ਿਆਂ ਨਾਲ ਸੰਬੰਧਿਤ ਸੇਵਾਵਾਂ

ਮਨਿਸਟਰੀ ਆਫ ਹੈੱਲਥ ਸਰਵਿਸਿਜ਼, ਹੈੱਲਥ ਅਥਾਰਟੀਆਂ ਵਲੋਂ ਦਿੱਤੀਆਂ ਜਾਂਦੀਆਂ ਮਾਨਸਿਕ ਸਿਹਤ ਅਤੇ ਨਸ਼ੇ ਛੁਡਾਊ ਸੇਵਾਵਾਂ ਦੇ ਇਕ ਵਿਆਪਕ ਅਤੇ ਸਮੁੱਚੇ ਸਿਸਟਮ ਲਈ ਫੰਡ ਦਿੰਦੀ ਹੈ। ਇਹ ਸੇਵਾਵਾਂ ਚੰਗੀ ਸਿਹਤ ਨੂੰ ਉਤਸ਼ਾਹਤ ਕਰਨ, ਰੋਕਥਾਮ ਕਰਨ, ਨੁਕਸਾਨ ਘਟਾਉਣ, ਇਲਾਜ, ਸੁਧਾਰ ਅਤੇ ਰਾਜ਼ੀ ਕਰਨ ਵਾਲੀਆਂ ਸੇਵਾਵਾਂ 'ਤੇ ਕੇਂਦਰਿਤ ਹਨ, ਜਿਸ ਵਿਚ ਸਵੈ-ਸੰਭਾਲ ਅਤੇ ਛੇਤੀ ਰਾਜ਼ੀ ਹੋਣ ਵਾਲੇ ਪ੍ਰੋਗਰਾਮਾਂ ਵਿਚਲੇ ਵਿਅਕਤੀਆਂ ਅਤੇ ਪਰਿਵਾਰਾਂ ਦੀ ਮਦਦ ਕਰਨਾ ਸ਼ਾਮਲ ਹੈ। ਮਾਨਸਿਕ ਸਿਹਤ ਦੀਆਂ ਸੇਵਾਵਾਂ ਵੱਖ ਵੱਖ ਉਮਰਾਂ ਦੇ ਲੋਕਾਂ ਲਈ ਹਨ ਜਿਨ੍ਹਾਂ ਵਿਚ ਬਜ਼ੁਰਗ ਵੀ ਸ਼ਾਮਲ ਹਨ, ਅਤੇ ਇਨ੍ਹਾਂ ਵਿਚ ਇਹ ਸੇਵਾਵਾਂ ਸ਼ਾਮਲ ਹਨ:

- ਅਸੈੱਸਮੈਂਟ;
- ਇਲਾਜ;
- ਵਿਅਕਤੀਗਤ ਅਤੇ ਸਮੂਹਕ ਇਲਾਜ;
- ਸੁਧਾਰ;
- ਸਲਾਹ-ਮਸ਼ਵਰਾ;
- ਐਮਰਜੰਸੀ ਅਤੇ ਹੰਗਾਮੀ ਸੇਵਾਵਾਂ;
- ਰਿਹਾਇਸ਼ੀ ਸੇਵਾਵਾਂ;
- ਸੰਭਾਲ ਕਰਨ ਵਾਲਿਆਂ ਦੀ ਮਦਦ ਅਤੇ ਸਿਖਿਆ; ਅਤੇ
- ਪਰਿਵਾਰ ਦੀ ਸ਼ਮੂਲੀਅਤ ਅਤੇ ਮਦਦ।

# ਸਿਹਤ ਸੇਵਾਵਾਂ

ਮਿਲ ਰਹੀਆਂ ਸੇਵਾਵਾਂ ਬਾਰੇ ਜਾਣਕਾਰੀ ਲੈਣ ਲਈ ਆਪਣੀ ਸਥਾਨਕ ਹੈੱਲਥ ਅਥਾਰਟੀ ਨਾਲ ਸੰਪਰਕ ਕਰੋ। ਇਸ ਦੇ ਨਾਲ ਹੀ ਅੱਗੇ ਦੱਸੇ ਸੂਬਾਈ ਵਸੀਲੇ ਵੀ ਮਦਦ ਕਰ ਸਕਦੇ ਹਨ।

## ਸੰਕਟ ਵੇਲੇ ਦਖਲਅੰਦਾਜ਼ੀ ਕਰਨ ਅਤੇ ਆਤਮਹੱਤਿਆ ਤੋਂ ਰੋਕਥਾਮ ਲਈ ਬ੍ਰਿਟਿਸ਼ ਕੋਲੰਬੀਆ ਦਾ ਸੈਂਟਰ

ਸੂਬੇ ਭਰ ਵਿਚ, ਟਰੇਂਡ ਵਾਲੰਟੀਅਰ, ਜਿਨ੍ਹਾਂ ਦੀ ਮਦਦ ਪੇਸ਼ਾਵਰ ਲੋਕ ਕਰਦੇ ਹਨ, ਮਾਨਸਿਕ ਸੰਕਟ ਵਿੱਚੋਂ ਲੰਘ ਰਹੇ ਲੋਕਾਂ ਲਈ ਟੈਲੀਫੋਨ ’ਤੇ ਸੰਕਟ ਵੇਲੇ ਦਖਲਅੰਦਾਜ਼ੀ ਕਰਦੇ ਹਨ। ਆਪਣੇ ਇਲਾਕੇ ਵਿਚਲੀਆਂ ਸੇਵਾਵਾਂ ਦਾ ਪਤਾ ਲਾਉਣ ਲਈ ਆਪਣੀ ਟੈਲੀਫੋਨ ਬੁੱਕ ਦਾ ਐਮਰਜੰਸੀ ਸੈਕਸ਼ਨ ਦੇਖੋ ਜਾਂ ਇਨ੍ਹਾਂ ਨੰਬਰਾਂ ’ਤੇ ਫੋਨ ਕਰੋ।

24 ਘੰਟੇ ਸੰਕਟ ਲਾਈਨ

| | |
|---|---|
| ਬੀ.ਸੀ. ਵਿਚ ਟੋਲ ਫਰੀ | 1 866 661-3311 |
| ਟੀ ਟੀ ਵਾਈ | 1 866 872-0113 |
| ਗਰੇਟਰ ਵੈਨਕੂਵਰ | 604 872-3311 |
| ਟੀ ਟੀ ਵਾਈ | 604 872-0113 |

ਆਤਮਹੱਤਿਆ ਨਾਲ ਸੰਬੰਧਿਤ ਸੰਕਟ

| | |
|---|---|
| ਬੀ.ਸੀ. ਵਿਚ ਟੋਲ ਫਰੀ | 1 800 784-2433 |

ਦੋਭਾਸ਼ੀਏ ਦੀਆਂ ਸੇਵਾਵਾਂ ਉਪਲਬਧ ਹਨ।

| | |
|---|---|
| ਵੈੱਬਸਾਈਟ | www.crisiscentre.bc.ca |

## ਬੀ.ਸੀ. ਅਲਕੋਹਲ ਐਂਡ ਡਰੱਗ ਇਨਫਰਮੇਸ਼ਨ ਐਂਡ ਰੈਫਰੈਲ ਸਰਵਿਸ

ਬੀ.ਸੀ. ਅਲਕੋਹਲ ਐਂਡ ਡਰੱਗ ਇਨਫਰਮੇਸ਼ਨ ਐਂਡ ਰੈਫਰੈਲ ਸਰਵਿਸ, ਤੁਹਾਨੂੰ ਆਪਣੇ ਇਲਾਕੇ ਵਿਚਲੀਆਂ ਸਲਾਹ-ਮਸ਼ਵਰੇ (ਕੌਂਸਲਿੰਗ) ਦੀਆਂ ਸੇਵਾਵਾਂ ਅਤੇ ਵਸੀਲਿਆਂ ਕੋਲ ਭੇਜ ਸਕਦੀ ਹੈ। 24 ਘੰਟੇ ਦੀਆਂ ਸੇਵਾਵਾਂ ਲਈ ਫੋਨ ਕਰੋ:

| | |
|---|---|
| ਬੀ.ਸੀ. ਵਿਚ ਟੋਲ ਫਰੀ | 1 800 663-1441 |
| ਗਰੇਟਰ ਵੈਨਕੂਵਰ | 604 660-9382 |

# ਸਿਹਤ ਸੇਵਾਵਾਂ

### ਮਾਨਸਿਕ ਸਿਹਤ ਅਤੇ ਨਸ਼ਿਆਂ ਦੀ ਜਾਣਕਾਰੀ ਲਈ ਬੀ ਸੀ ਦੇ ਭਾਈਵਾਲ

ਸੂਬੇ ਦੀਆਂ ਸੱਤ ਮਾਨਸਿਕ ਸਿਹਤ ਅਤੇ ਨਸ਼ੇ ਛੁਡਾਊ ਏਜੰਸੀਆਂ ਮਾਨਸਿਕ ਸਿਹਤ ਅਤੇ ਨਸ਼ਿਆਂ ਬਾਰੇ ਸਬੂਤ-ਆਧਾਰਿਤ ਜਾਣਕਾਰੀ ਦੇਣ ਲਈ ਰਲ ਕੇ ਕੰਮ ਕਰ ਰਹੀਆਂ ਹਨ। ਬੀ ਸੀ ਪਾਰਟਨਰਜ਼ ਪ੍ਰੋਗਰਾਮ ਵਿਚ ਇਹ ਏਜੰਸੀਆਂ ਸ਼ਾਮਲ ਹਨ:

- ਐਂਗਜ਼ਾਇਟੀ ਡਿਸਔਰਡਰਜ਼ ਐਸੋਸੀਏਸ਼ਨ ਆਫ ਬੀ ਸੀ
- ਅਵੇਅਰਨੈੱਸ ਐਂਡ ਨੈੱਟਵਰਕਿੰਗ ਅਰਾਊਂਡ ਡਿਸਔਰਡਰਡ ਈਟਿੰਗ
- ਬੀ ਸੀ ਸਕਿਜ਼ੋਫਰੀਨੀਆ ਸੁਸਾਇਟੀ
- ਕੈਨੇਡੀਅਨ ਮੈਂਟਲ ਹੈੱਲਥ ਐਸੋਸੀਏਸ਼ਨਜ਼ ਬੀ ਸੀ
- ਸੈਂਟਰ ਫਾਰ ਅਡਿਕਸ਼ਨਜ਼ ਰੀਸਰਚ ਆਫ ਬੀ ਸੀ
- ਫੋਰਸ ਸੁਸਾਇਟੀ ਫਾਰ ਕਿਡਜ਼ ਮੈਂਟਲ ਹੈੱਲਥ ਕੇਅਰ
- ਮੂਡ ਡਿਸਔਰਡਰਜ਼ ਐਸੋਸੀਏਸ਼ਨ ਆਫ ਬੀ ਸੀ

ਟੋਲ ਫਰੀ ਜਾਣਕਾਰੀ ਲਾਈਨ ਮਾਨਸਿਕ ਸਿਹਤ ਅਤੇ ਨਸ਼ਿਆਂ ਦੀ ਦੁਰਵਰਤੋਂ ਦੇ ਵੱਖ ਵੱਖ ਵਿਗਾੜਾਂ ਸਬੰਧੀ 24 ਘੰਟੇ ਟੇਪ ਕੀਤੀ ਹੋਈ ਜਾਣਕਾਰੀ ਦਿੰਦੀ ਹੈ ਜਿਸ ਵਿਚ ਲੱਛਣਾਂ, ਕਾਰਨਾਂ, ਇਲਾਜ, ਚੋਣਾਂ, ਸਹਾਇਤਾ ਗਰੁੱਪਾਂ ਅਤੇ ਕਮਿਊਨਟੀ ਵਸੀਲਿਆਂ ਬਾਰੇ ਜਾਣਕਾਰੀ ਸ਼ਾਮਲ ਹੈ। ਵੈੱਬਸਾਈਟ ਵਿਅਕਤੀਆਂ ਅਤੇ ਪਰਿਵਾਰਾਂ ਲਈ ਜਾਣਕਾਰੀ ਦਾ ਇਕ ਬਹੁਤ ਹੀ ਵਧੀਆ ਸ੍ਰੋਤ ਹੈ।

| | |
|---|---|
| ਬੀ.ਸੀ. ਵਿਚ ਟੋਲ ਫਰੀ | 1 800 661-2121 |
| ਗਰੇਟਰ ਵੈਨਕੂਵਰ | 604 669-7600 |
| ਵੈੱਬਸਾਈਟ | www.heretohelp.bc.ca |

### ਸੈਂਟਰ ਫਾਰ ਅਡਿਕਸ਼ਨ ਰੀਸਰਚ ਆਫ ਬੀ ਸੀ

| | |
|---|---|
| ਸਬਸਟਾਂਸ ਇਨਫਰਮੇਸ਼ਨ ਲਿੰਕ ਫੋਨ | 604 408-7753 |
| ਵੈੱਬਸਾਈਟ | www.silink.ca |

## ਬ੍ਰਿਟਿਸ਼ ਕੋਲੰਬੀਆ ਐਂਬੂਲੈਂਸ ਸਰਵਿਸ

ਪਬਲਿਕ ਐਂਬੂਲੈਂਸ ਸਰਵਿਸਿਜ਼, ਜ਼ਮੀਨੀ ਅਤੇ ਹਵਾਈ ਦੋਨੋਂ, ਬੀ. ਸੀ. ਦੇ ਵਸਨੀਕਾਂ ਨੂੰ ਬ੍ਰਿਟਿਸ਼ ਕੋਲੰਬੀਆ ਐਂਬੂਲੈਂਸ ਸਰਵਿਸ ਵਲੋਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

# ਸਿਹਤ ਸੇਵਾਵਾਂ

ਮਰੀਜ਼ ਨੂੰ ਐਂਬੂਲੈਂਸ ਵਿਚ ਲਿਜਾਣ ਦੇ ਖਰਚੇ ਤੇ ਬ੍ਰਿਟਿਸ਼ ਕੋਲੰਬੀਆ ਦਾ ਸੂਬਾ ਤਕਰੀਬਨ 90 ਫੀ ਸਦੀ ਸਬਸਿਡੀ ਦਿੰਦਾ ਹੈ। ਜਦੋਂ ਕੋਈ ਐਮਰਜੰਸੀ ਡਾਕਟਰੀ ਸਮੱਸਿਆ ਇਹ ਮੰਗ ਕਰਦੀ ਹੈ ਕਿ ਤੁਹਾਨੂੰ ਐਂਬੂਲੈਂਸ ਵਿਚ ਲਿਜਾਇਆ ਜਾਵੇ ਤਾਂ ਤੁਹਾਨੂੰ ਯੂਜ਼ਰ (ਵਰਤੋਂ ਕਰਨ ਦੀ) ਫੀਸ ਦਾ ਬਿੱਲ ਭੇਜਿਆ ਜਾਵੇਗਾ। ਜੇ ਇਹ ਫੀਸ ਤੁਹਾਡੇ ਲਈ ਮਾਇਕ ਸਮੱਸਿਆ ਬਣਦੀ ਹੋਵੇ ਤਾਂ ਮਨਿਸਟਰੀ ਆਫ ਹੈੱਲਥ ਦਾ ਰੈਵੇਨਿਊ ਸੈਕਸ਼ਨ ਤੁਹਾਡੀ ਸਹੂਲਤ ਲਈ ਇਹ ਕਿਸ਼ਤਾਂ ਵਿਚ ਲੈ ਸਕਦਾ ਹੈ। ਮਰੀਜ਼, ਮਰੀਜ਼ ਦੇ ਪਰਿਵਾਰ ਜਾਂ ਮਰੀਜ਼ ਦੀ ਸੰਭਾਲ ਕਰ ਰਹੀ ਜਗ੍ਹਾ ਵਲੋਂ ਜੇ ਐਂਬੂਲੈਂਸ ਸੱਦੀ ਜਾਂਦੀ ਹੈ ਅਤੇ ਮਰੀਜ਼ ਨੂੰ ਹਸਪਤਾਲ ਨਹੀਂ ਲਿਜਾਇਆ ਜਾਂਦਾ ਤਾਂ ਇਸ ਦੀ 50 ਡਾਲਰ ਫੀਸ ਦੇਣੀ ਪੈਂਦੀ ਹੈ।

**ਕਿਸੇ ਡਾਕਟਰੀ ਐਮਰਜੰਸੀ ਵਿਚ:**

- 911 ਨੂੰ ਫੋਨ ਕਰੋ, ਜਿੱਥੇ ਇਹ ਫੋਨ ਨੰਬਰ ਹੈ; ਜਾਂ
- ਆਪਣੀ ਟੈਲੀਫੋਨ ਬੁੱਕ ਦੇ ਅੰਦਰਲੇ ਕਵਰ 'ਤੇ ਦਿੱਤੇ ਐਮਰਜੰਸੀ ਫੋਨ ਨੰਬਰ ਉੱਤੇ ਫੋਨ ਕਰੋ; ਜਾਂ
- ਜੇ ਟੈਲੀਫੋਨ ਬੁੱਕ ਮੌਜੂਦ ਨਹੀਂ ਹੈ ਤਾਂ 0 ਡਾਇਲ ਕਰਕੇ ਓਪਰੇਟਰ ਨੂੰ ਫੋਨ ਕਰੋ।

ਐਂਬੂਲੈਂਸ ਸਰਵਸਿਜ਼ ਬਾਰੇ ਹੋਰ ਜਾਣਕਾਰੀ ਲੈਣ ਲਈ, ਇਸ ਨੰਬਰ 'ਤੇ ਸੰਪਰਕ ਕਰੋ:
ਵਿਕਟੋਰੀਆ 250 953-3298

ਐਂਬੂਲੈਂਸ ਬਿੱਲਾਂ ਲਈ ਸੰਪਰਕ ਕਰੋ:
British Columbia Ambulance Service
Ambulance Billing Department
PO Box 9676 STN PROV GOVT
Victoria, B.C. V8W 9P7

ਟੋਲ ਫਰੀ: 1 800 665-7199
ਵੈੱਬਸਾਈਟ www.hlth.gov.bc.ca/bcas

## ਪਬਲਿਕ ਹੈੱਲਥ

ਸਾਰੇ ਬ੍ਰਿਟਿਸ਼ ਕੋਲੰਬੀਆ ਵਿਚ ਪਬਲਿਕ ਹੈੱਲਥ ਯੂਨਿਟ, ਵੱਖ ਵੱਖ ਕਿਸਮ ਦੀਆਂ ਸਿਹਤ ਸੇਵਾਵਾਂ ਦਿੰਦੇ ਹਨ। ਇਹ ਸੇਵਾਵਾਂ ਬਜ਼ੁਰਗਾਂ ਦੀ ਸਿਹਤ ਅਤੇ ਆਜ਼ਾਦੀ ਦਾ ਸਮਰਥਨ ਕਰਦੀਆਂ ਹਨ ਅਤੇ ਪਰਿਵਾਰਕ ਅਤੇ ਕਮਿਉਨਟੀ ਸਿਹਤ ਵਿਚ ਯੋਗਦਾਨ ਪਾਉਂਦੀਆਂ ਹਨ। ਇਨ੍ਹਾਂ ਸੇਵਾਵਾਂ ਵਿਚ ਖੁਰਾਕ ਬਾਰੇ ਜਾਣਕਾਰੀ ਅਤੇ ਲੋੜੇ ਲਾਉਣਾ ਸ਼ਾਮਲ ਹਨ।

# ਸਿਹਤ ਸੇਵਾਵਾਂ

## ਖੁਰਾਕ ਬਾਰੇ ਜਾਣਕਾਰੀ

ਜੇ ਤੁਹਾਨੂੰ ਖੁਰਾਕ ਬਾਰੇ ਸਲਾਹ ਦੀ ਲੋੜ ਹੈ ਤਾਂ ਮਨਿਸਟਰੀ ਆਫ ਹੈੱਲਥ ਸਰਵਿਸਿਜ਼ ਇਹ ਜਾਣਕਾਰੀ ਡਾਇਲ-ਏ-ਡਾਇਟੀਸ਼ਨ ਇਨਫਰਮੇਸ਼ਨ ਲਾਈਨ ਰਾਹੀਂ ਪ੍ਰਦਾਨ ਕਰਦੀ ਹੈ। ਇਹ ਸਰਵਿਸ ਸੋਮਵਾਰ ਤੋਂ ਲੈ ਕੇ ਸ਼ੁਕਰਵਾਰ ਤੱਕ ਸਵੇਰ ਦੇ 9 ਵਜੇ ਤੋਂ ਲੈ ਕੇ ਸ਼ਾਮ ਦੇ 5 ਵਜੇ ਤੱਕ ਇਕ ਖੁਰਾਕ ਮਾਹਰ (ਡਾਇਟੀਸ਼ਨ) ਵਲੋਂ ਦਿੱਤੀ ਜਾਂਦੀ ਹੈ ਜੋ ਤੁਹਾਡੇ ਖੁਰਾਕ ਸਬੰਧੀ ਸਵਾਲਾਂ ਦੇ ਜਵਾਬ ਦੇਣਗੇ। ਅਨੁਵਾਦ ਦੀਆਂ ਸੇਵਾਵਾਂ 130 ਭਾਸ਼ਾਵਾਂ ਵਿਚ ਮਿਲ ਸਕਦੀਆਂ ਹਨ।

ਟੋਲ ਫਰੀ 1 800 667-3438

ਗਰੇਟਰ ਵੈਨਕੂਵਰ 604 732-9191

ਖੁਰਾਕ ਬਾਰੇ ਹੋਰ ਜਾਣਕਾਰੀ ਇਸ ਵੈੱਬਸਾਈਟ ਤੋਂ ਲਈ ਜਾ ਸਕਦੀ ਹੈ:

www.dialadietitian.org

ਸੀਨੀਅਰ ਸ਼ੈਫ ਕੁੱਕਬੁੱਕ, ਮਨਿਸਟਰੀ ਆਫ ਹੈੱਲਥ ਸਰਵਿਸਿਜ਼ ਦੇ ਵੈੱਬਸਾਈਟ ’ਤੇ ਦੇਖੀ ਜਾ ਸਕਦੀ ਹੈ ਜਿਸ ਦਾ ਐਡਰੈਸ ਹੈ:

www.healthservices.gov.bc.ca/prevent/pdf/senchef.pdf

*ਸੀਨੀਅਰ ਸ਼ੈਫ* ਕੁੱਕਬੁੱਕ ਕਰਾਊਨ ਪਬਲੀਕੇਸ਼ਨਜ਼ ਤੋਂ ਵੀ ਖਰੀਦੀ ਜਾ ਸਕਦੀ ਹੈ। ਇਹ 7 ਡਾਲਰ 95 ਸੈਂਟ ਦੀ ਹੈ ਅਤੇ ਟੈਕਸ ਅਤੇ ਸ਼ਿਪਿੰਗ ਦਾ ਖਰਚਾ ਵੱਖਰਾ ਹੈ ਅਤੇ ਇਸ ਦਾ ਕੋਡ 180-482-3 ਹੈ। ਆਪਣੀ ਕਾਪੀ ਆਰਡਰ ਕਰਨ ਲਈ, ਸੰਪਰਕ ਕਰੋ:

Crown Publications, Inc.
521 Fort Street
Victoria, B.C. V8W 1E7 250 386-4636
ਵੈੱਬਸਾਈਟ www.crownpub.bc.ca

## ਲੋੜਿਆਂ ਦੀਆਂ ਸੇਵਾਵਾਂ

ਲੋੜਿਆਂ ਦੀ ਉਪਲਬਧੀ ਬਾਰੇ ਜਾਣਕਾਰੀ, ਜਿਵੇਂ ਕਿ ਇਨਫਲੂਐਂਜ਼ਾ ਅਤੇ ਨਿਊਮੋਕੋਕਲ ਵੈਕਸੀਨਾਂ, ਆਪਣੇ ਲੋਕਲ ਪਬਲਿਕ ਹੈੱਲਥ ਦੇ ਦਫਤਰ ਨੂੰ ਫੋਨ ਕਰਕੇ ਲਈ ਜਾ ਸਕਦੀ ਹੈ ਜਿਸ ਦਾ ਫੋਨ ਟੈਲੀਫੋਨ ਬੁੱਕ ਦੇ ਨੀਲੇ ਪੰਨਿਆਂ ’ਤੇ ਦਰਜ ਹੈ।

ਅੱਗੇ ਲਿਖੇ ਵਿਸ਼ਿਆਂ ਬਾਰੇ ਇੰਟਰਨੈੱਟ ਤੋਂ ਵੀ ਜਾਣਕਾਰੀ ਮਿਲਦੀ ਹੈ:

# ਸਿਹਤ ਸੇਵਾਵਾਂ

ਬਜ਼ੁਰਗਾਂ ਨੂੰ ਫਲੂ ਦੇ ਟੀਕੇ ਕਿਉਂ ਲਗਵਾਉਣੇ ਚਾਹੀਦੇ ਹਨ:
www.bchealthguide.org/healthfiles/hfile12a.stm

ਨਿਊਮੋਕੋਕਲ ਵੈਕਸੀਨ ਬਾਰੇ ਜਾਣਕਾਰੀ:
www.bchealthguide.org/healthfiles/hfile62b.stm

ਇਨਫਲੂਐਂਜ਼ਾ ਦੇ ਫੈਲਣ ਦੌਰਾਨ ਲਵਾਏ ਜਾਣ ਵਾਲੇ ਲੋਦੇ:
www.bchealthguide.org/healthfiles/hfile94d.stm

ਅੰਤਰਰਾਸ਼ਟਰੀ ਸਫਰ 'ਤੇ ਜਾਣ ਵਾਲੇ ਬਾਲਗਾਂ ਲਈ ਲੋੜਿਆਂ ਦੀ ਜਾਣਕਾਰੀ:
www.bchealthguide.org/healthfiles/hfile41c.stm

### ਡਿੱਗਣ ਤੋਂ ਰੋਕਥਾਮ ਬਾਰੇ ਜਾਣਕਾਰੀ

ਡਿੱਗਣ ਤੋਂ ਰੋਕਥਾਮ ਕਰਨ ਬਾਰੇ ਜਾਣਕਾਰੀ ਆਪਣੇ ਲੋਕਲ ਪਬਲਿਕ ਹੈੱਲਥ ਯੂਨਿਟ ਨੂੰ ਫੋਨ ਕਰਕੇ ਜਾਂ ਇੰਟਰਨੈੱਟ ਤੋਂ ਲਈ ਜਾ ਸਕਦੀ ਹੈ: www.bchealthguide.org/seniors.stm

## ਕਰੌਨਿਕ ਡਿਜ਼ੀਜ਼ ਸੈੱਲਫ-ਮੈਨੇਜਮੈਂਟ ਪ੍ਰੋਗਰਾਮ

ਬੀ.ਸੀ. ਦੀ ਸਰਕਾਰ ਨੇ ਹੈੱਲਥ ਅਥਾਰਟੀਆਂ ਨੂੰ ਫੰਡ ਦਿੱਤੇ ਹਨ ਜਿਹੜੀਆਂ ਕਿ ਗਠੀਏ, ਸ਼ੂਗਰ ਅਤੇ ਫੇਫੜਿਆਂ ਦੀ ਬੀਮਾਰੀ ਵਰਗੀਆਂ ਚਿਰਕਾਲੀ ਸਿਹਤ ਹਾਲਤਾਂ ਵਾਲੇ ਮਰੀਜ਼ਾਂ ਨੂੰ ਛੇ-ਹਫਤੇ ਦਾ ਮੁਫਤ ਸਿੱਖਿਆ ਦਾ ਪ੍ਰੋਗਰਾਮ ਦੇਣ ਲਈ ਯੂਨੀਵਰਸਿਟੀ ਆਫ ਵਿਕਟੋਰੀਆ ਦੇ ਸੈਂਟਰ ਔਨ ਏਜਿੰਗ ਨਾਲ ਰਲ ਕੇ ਕੰਮ ਕਰਦੀਆਂ ਹਨ।

ਜ਼ਿਆਦਾ ਜਾਣਕਾਰੀ ਯੂਨੀਵਰਸਿਟੀ ਆਫ ਵਿਕਟੋਰੀਆ ਸੈਂਟਰ ਔਨ ਏਜਿੰਗ ਦੇ ਵੈੱਬਸਾਈਟ ਤੋਂ ਲਈ ਜਾ ਸਕਦੀ ਹੈ।
ਵੈੱਬਸਾਈਟ www.coag.uvic.ca/cdsmp

ਜਾਂ ਪ੍ਰੋਗਰਾਮ ਦੀ ਜਾਣਕਾਰੀ ਲਾਈਨ ਨੂੰ ਫੋਨ ਕਰੋ।
ਟੋਲ ਫਰੀ 1 866 902-3767



# ਰਿਹਾਇਸ਼

ਬਜ਼ੁਰਗਾਂ ਦੀ ਤੰਦਰੁਸਤ ਰਹਿਣ ਵਿਚ ਮਦਦ ਕਰਨਾ

# ਬਜ਼ੁਰਗਾਂ ਲਈ ਸੇਵਾਵਾਂ

**ਰਿਹਾਇਸ਼** **33**

ਅਨੇਕ ਤਰ੍ਹਾਂ ਦੇ ਬਜ਼ੁਰਗਾਂ ਦੀ ਆਬਾਦੀ ਲਈ ਰਿਹਾਇਸ਼ ਦੀਆਂ ਚੋਣਾਂ 33

ਕਿਰਾਏ ਤੇ ਰਹਿੰਦੇ ਬਜ਼ੁਰਗਾਂ ਲਈ ਸਹਾਇਤਾ (ਸੇਫਰ) 34

ਬਜ਼ੁਰਗਾਂ ਲਈ ਹੋਮ ਓਨਰ ਗਰਾਂਟ 34

ਪ੍ਰਾਪਰਟੀ ਟੈਕਸ ਨੂੰ ਮੁਲਤਵੀ ਕਰਨਾ 35

ਇੰਡੀਪੈਂਡਿੰਟ ਲਿਵਿੰਗ ਬੀ ਸੀ 36

ਹੱਕਦਾਰੀ ਅਤੇ ਅਰਜ਼ੀ ਦੇਣਾ 37

ਬਜ਼ੁਰਗਾਂ ਲਈ ਵਾਰਾ ਖਾਣ ਯੋਗ ਰਿਹਾਇਸ਼ 37

ਘਰ ਨੂੰ ਬਜ਼ੁਰਗਾਂ ਦੇ ਆਜ਼ਾਦ ਰਹਿਣ ਲਈ ਅਨੁਕੂਲ ਬਣਾਉਣ ਦਾ ਪ੍ਰੋਗਰਾਮ 39

ਰੈਜ਼ੀਡੈਂਸ਼ਲ ਰੀਹੈਬਲੀਟੇਸ਼ਨ ਅਸਿਸਟੈਂਸ ਪ੍ਰੋਗਰਾਮ 40

ਰੈਜ਼ੀਡੈਂਸ਼ਲ ਟੈਨੇਸੀ ਆਫਿਸ 41

ਬਜ਼ੁਰਗਾਂ ਲਈ ਰਿਹਾਇਸ਼ਾਂ ਬਾਰੇ ਜਾਣਕਾਰੀ ਦੇਣ ਦਾ ਪ੍ਰੋਗਰਾਮ 41



# ਰਿਹਾਇਸ਼

## *ਅਨੇਕ ਤਰ੍ਹਾਂ ਦੇ ਬਜ਼ੁਰਗਾਂ ਦੀ ਆਬਾਦੀ ਲਈ ਰਿਹਾਇਸ਼ ਦੀਆਂ ਚੋਣਾਂ*

ਬ੍ਰਿਟਿਸ਼ ਕੋਲੰਬੀਆ ਦੇ ਬਜ਼ੁਰਗ ਅਨੇਕ ਤਰ੍ਹਾਂ ਦੇ ਲੋਕਾਂ ਦਾ ਇਕ ਗਰੁੱਪ ਹੈ ਜਿਸ ਦੀਆਂ ਵੱਖੋ ਵੱਖਰੀਆਂ ਲੋੜਾਂ ਹਨ। ਸਾਰੇ ਬਜ਼ੁਰਗਾਂ ਦੀ ਇਕ ਸਾਂਝੀ ਚੀਜ਼ ਉਨ੍ਹਾਂ ਦੀ ਰਿਹਾਇਸ਼ੀ ਲੋੜ ਹੈ ਜਿਹੜੀ ਨਿੱਜੀ ਲੋੜਾਂ ਪੂਰੀਆਂ ਕਰਦੀ ਹੋਵੇ। ਜਦ ਕਿ ਬਹੁਤੇ ਬਜ਼ੁਰਗ ਠੀਕ ਠਾਕ ਹਨ ਅਤੇ ਬਹੁਤ ਆਜ਼ਾਦੀ ਨਾਲ ਰਹਿ ਰਹੇ ਹਨ ਪਰ ਹੋਰਨਾਂ ਨੂੰ ਜ਼ਿਆਦਾ ਮਦਦ ਦੀ ਲੋੜ ਹੈ। ਸੂਬੇ ਦੀ ਸਰਕਾਰ ਇਹ ਲੋੜਾਂ ਪੂਰੀਆਂ ਕਰਨ ਲਈ ਮਦਦ ਕਰ ਰਹੀ ਹੈ।

ਉਦਾਹਰਣ ਲਈ, ਸਾਲ 2005 ਵਿਚ, ਬੀ.ਸੀ. ਸਰਕਾਰ ਨੇ ਸ਼ੈਲਟਰ ਏਡ ਫਾਰ ਐਲਡਰਲੀ ਰੈਂਟਰਜ਼ (ਸੇਫਰ) ਪ੍ਰੋਗਰਾਮ ਅਧੀਨ ਕਿਰਾਏ ਵਿਚ ਸਹਾਇਤਾ ਲਈ ਫੰਡਾਂ ਨੂੰ ਦੁੱਗਣਾ ਕਰ ਦਿੱਤਾ। ਸੂਬੇ ਭਰ ਵਿਚ ਕਿਰਾਏ ਦੀਆਂ ਸੀਮਾਵਾਂ ਵਧਾ ਦਿੱਤੀਆਂ ਗਈਆਂ ਹਨ, ਅਤੇ ਗਰੇਟਰ ਵੈਨਕੂਵਰ ਰੀਜਨਲ ਡਿਸਟਰਿਕਟ ਵਿਚ ਔਸਤ ਕਿਰਾਇਆਂ ਲਈ ਵੱਖਰੀ ਸੀਮਾ ਕਾਇਮ ਕੀਤੀ ਗਈ ਹੈ। ਇਸ ਪ੍ਰੋਗਰਾਮ ਨੂੰ ਉਨ੍ਹਾਂ ਬਜ਼ੁਰਗਾਂ ਨੂੰ ਸ਼ਾਮਲ ਕਰਨ ਲਈ ਵੀ ਵਧਾਇਆ ਗਿਆ ਹੈ ਜੋ ਆਪਣੀ ਮਾਲਕੀਅਤ ਅਤੇ ਰਿਹਾਇਸ਼ ਹੇਠਲੇ ਮੈਨੂਫੈਕਚਰਡ ਘਰਾਂ ਨੂੰ ਰੱਖਣ ਵਾਲੀ ਥਾਂ ਦਾ ਕਿਰਾਇਆ ਦਿੰਦੇ ਹਨ।

ਇਕ ਹੋਰ ਉਦਾਹਰਣ ਸਹਾਇਕ ਰਹਿਣੀ ਹੈ। ਸੂਬੇ ਦੀ ਸਰਕਾਰ ਸੂਬੇ ਭਰ ਵਿਚ ਸਹਾਇਕ ਰਹਿਣੀ ਵਾਲੇ ਵਾਰਾ ਖਾਣ ਯੋਗ 3,500 ਯੂਨਿਟ ਪੈਦਾ ਕਰਨ ਲਈ ਵੱਖ ਵੱਖ ਗਰੁੱਪਾਂ ਨਾਲ ਰਲ ਕੇ ਕੰਮ ਕਰ ਰਹੀ ਹੈ। ਘੱਟ ਆਮਦਨ ਵਾਲੇ ਬਜ਼ੁਰਗ ਅਤੇ ਅਪਾਹਜ ਲੋਕ ਇਹ ਯੂਨਿਟ ਕਿਰਾਏ ’ਤੇ ਲੈਣ ਦੇ ਹੱਕਦਾਰ ਹਨ। ਇਨ੍ਹਾਂ ਯੂਨਿਟਾਂ ਵਿਚ, ਰਿਹਾਇਸ਼, ਖਾਣੇ, ਨਿੱਜੀ ਸੰਭਾਲ ਅਤੇ ਖ਼ਾਤਰਦਾਰੀ ਦੀਆਂ ਸੇਵਾਵਾਂ ਸ਼ਾਮਲ ਹਨ, ਜਿਵੇਂ ਹਾਊਸਕੀਪਿੰਗ, ਲੌਂਡਰੀ, ਮਨੋਰੰਜਨ ਦੇ ਮੌਕੇ ਅਤੇ 24 ਘੰਟਿਆਂ ਵਿਚ ਕਿਸੇ ਵੀ ਵੇਲੇ ਮਦਦ ਕਰਨ ਦਾ ਸਿਸਟਮ।

ਸੂਬਾ, ਬਿਨਾਂ-ਮੁਨਾਫੇ ਤੋਂ ਕੰਮ ਕਰਨ ਵਾਲੀਆਂ ਸੰਸਥਾਵਾਂ ਅਤੇ ਪ੍ਰਾਈਵੇਟ ਰਿਹਾਇਸ਼ ਪ੍ਰਦਾਨ ਕਰਨ ਵਾਲਿਆਂ ਅਤੇ ਸਰਕਾਰ ਦੇ ਹੋਰ ਪੱਧਰਾਂ ਨਾਲ ਸਾਂਝੀਦਾਰੀ ਨਾਲ ਬਣਾਏ ਗਏ ਵਾਰਾ ਖਾਣ ਯੋਗ ਰਿਹਾਇਸ਼ੀ ਯੂਨਿਟਾਂ ਲਈ ਸਬਸਿਡੀ ਦੇਣ ਲਈ ਵੀ ਫੰਡ ਦਿੰਦਾ ਹੈ।

ਇਨ੍ਹਾਂ ਅਤੇ ਹੋਰ ਉੱਦਮਾਂ ਨਾਲ ਸੂਬੇ ਦੀ ਸਰਕਾਰ ਇਹ ਯਕੀਨੀ ਬਣਾਉਣ ਲਈ ਕੰਮ ਕਰ ਰਹੀ ਹੈ ਕਿ ਬਜ਼ੁਰਗਾਂ ਕੋਲ ਰਿਹਾਇਸ਼ਾਂ ਦੀਆਂ ਅਜਿਹੀਆਂ ਚੋਣਾਂ ਹੋਣ ਜਿਨ੍ਹਾਂ ਦੀ ਉਨ੍ਹਾਂ ਨੂੰ ਆਪਣੀਆਂ ਕਮਿਉਨਟੀਆਂ ਵਿਚ ਸਰਗਰਮ ਰਹਿਣ ਲਈ ਲੋੜ ਹੈ।

# ਰਿਹਾਇਸ਼

## ਕਿਰਾਏ ਤੇ ਰਹਿੰਦੇ ਬਜ਼ੁਰਗਾਂ ਲਈ ਸਹਾਇਤਾ (ਸੇਫਰ)

ਸ਼ੈਲਟਰ ਏਡ ਫਾਰ ਐਲਡਰਲੀ ਰੈਂਟਰਜ਼ (ਸੇਫਰ) ਪ੍ਰੋਗਰਾਮ, ਬ੍ਰਿਟਿਸ਼ ਕੋਲੰਬੀਆ ਦੇ ਉਨ੍ਹਾਂ ਹੱਕਦਾਰ ਵਸਨੀਕਾਂ ਨੂੰ ਮਹੀਨਾਵਾਰ ਨਗਦ ਸਹਾਇਤਾ ਦਿੰਦਾ ਹੈ ਜਿਨ੍ਹਾਂ ਦੀ ਉਮਰ 60 ਸਾਲ ਜਾਂ ਜ਼ਿਆਦਾ ਹੈ ਅਤੇ ਜਿਹੜੇ ਆਪਣੇ ਘਰਾਂ ਦਾ ਕਿਰਾਇਆ ਦਿੰਦੇ ਹਨ। ਤੁਸੀਂ ਹੱਕਦਾਰ ਹੋ ਸਕਦੇ ਹੋ ਜੇ:

- ਤੁਹਾਡੀ ਉਮਰ 60 ਸਾਲ ਜਾਂ ਜ਼ਿਆਦਾ ਹੈ;
- ਤੁਸੀਂ ਆਪਣੇ ਘਰ ਦਾ ਕਿਰਾਇਆ ਦਿੰਦੇ ਹੋ;
- ਤੁਸੀਂ ਆਪਣੀ ਕੁੱਲ ਆਮਦਨ ਦਾ 30 ਫੀਸਦੀ ਤੋਂ ਜ਼ਿਆਦਾ ਹਿੱਸਾ ਕਿਰਾਏ ਵਿਚ ਦਿੰਦੇ ਹੋ;
- ਤੁਸੀਂ ਇਨਕਮ ਅਸਿਸਟੈਂਸ ਨਹੀਂ ਲੈ ਰਹੇ;
- ਤੁਸੀਂ ਕੈਨੇਡੀਅਨ ਸਿਟੀਜ਼ਨ ਜਾਂ ਲੈਂਡਿਡ ਇਮੀਗਰਾਂਟ ਹੋ;
- ਤੁਸੀਂ ਅਰਜ਼ੀ ਦੇਣ ਤੋਂ ਪਹਿਲਾਂ ਦੇ ਪੂਰੇ 12 ਮਹੀਨਿਆਂ ਤੋਂ ਬ੍ਰਿਟਿਸ਼ ਕੋਲੰਬੀਆ ਵਿਚ ਰਹਿ ਰਹੇ ਹੋ;
- ਤੁਸੀਂ ਬਾਲਗ ਵਜੋਂ ਘੱਟੋ ਘੱਟ ਲਗਾਤਾਰ 10 ਸਾਲ ਤੋਂ ਕੈਨੇਡਾ ਵਿਚ ਰਹਿ ਰਹੇ ਹੋ।

ਅਰਜ਼ੀ ਫਾਰਮ ਅਤੇ ਹੱਕਦਾਰੀ ਬਾਰੇ ਹੋਰ ਜਾਣਕਾਰੀ ਬੀ ਸੀ ਹਾਊਜ਼ਿੰਗ ਦੇ ਕਿਸੇ ਵੀ ਦਫਤਰ ਤੋਂ ਲਈ ਜਾ ਸਕਦੀ ਹੈ ਜਾਂ ਬੀ ਸੀ ਹਾਊਜ਼ਿੰਗ ਦੇ ਵੈੱਬਸਾਈਟ ਤੋਂ ਡਾਊਨਲੋਡ ਕੀਤੀ ਜਾ ਸਕਦੀ ਹੈ:

| | |
|---|---|
| ਵੈੱਬਸਾਈਟ | www.bchousing.org/programs/SAFER |

ਹੋਰ ਜਾਣਕਾਰੀ ਲਈ ਇਨ੍ਹਾਂ ਨੰਬਰਾਂ ’ਤੇ ਸੰਪਰਕ ਕਰੋ:

| | |
|---|---|
| ਟੋਲ ਫਰੀ | 1 800 257-7756 |
| ਗਰੇਟਰ ਵੈਨਕੂਵਰ | 604 433-2218 |
| ਫੈਕਸ | 604 439-4729 |
| ਈਮੇਲ | ApplicantandSAFERenquiries@bchousing.org |

BC Housing SAFER
101 – 4555 Kingsway
Burnaby, B.C. V5H 4V8

## ਬਜ਼ੁਰਗਾਂ ਲਈ ਹੋਮ ਓਨਰ ਗਰਾਂਟ

ਜੇ ਤੁਸੀਂ ਬੀ.ਸੀ. ਦੇ ਪੱਕੇ ਵਸਨੀਕ ਹੋ, ਕੈਨੇਡੀਅਨ ਸਿਟੀਜ਼ਨ ਜਾਂ ਲੈਂਡਿਡ ਇਮੀਗਰਾਂਟ ਹੋ ਅਤੇ ਤੁਸੀਂ ਘਰ ਦੇ ਮਾਲਕ ਹੋ ਅਤੇ ਤੁਸੀਂ ਉਸ ਵਿਚ ਰਹਿੰਦੇ ਹੋ, ਤਾਂ ਤੁਸੀਂ ਪ੍ਰੋਵਿੰਸ਼ਲ ਹੋਮ ਓਨਰ

# ਰਿਹਾਇਸ਼

ਗਰਾਂਟ (ਘਰ ਮਾਲਕੀ ਲਈ ਸੂਬਾਈ ਗਰਾਂਟ) ਦੇ ਹੱਕਦਾਰ ਹੋ ਸਕਦੇ ਹੋ। ਇਹ ਗਰਾਂਟ ਤੁਹਾਡੇ ਵਲੋਂ ਦਿੱਤੇ ਜਾਣ ਵਾਲੇ ਪ੍ਰਾਪਰਟੀ ਟੈਕਸ ਨੂੰ ਘਟਾਉਂਦੀ ਹੈ।

ਹੋਮ ਓਨਰ ਗਰਾਂਟ ਲਈ ਅਰਜ਼ੀ ਕਰਨ ਲਈ, ਪ੍ਰਾਪਰਟੀ ਟੈਕਸ ਨੋਟਿਸ ਦੇ ਪਿਛਲੇ ਪਾਸੇ ਐਪਲੀਕੇਸ਼ਨ ਫਾਰਮ ਭਰੋ, ਜਿਹੜਾ ਕਿ ਤੁਹਾਨੂੰ ਹਰ ਸਾਲ ਮਈ ਵਿਚ ਭੇਜਿਆ ਜਾਂਦਾ ਹੈ। ਤੁਹਾਨੂੰ ਇਸ ਗੱਲ ਦੀ ਜ਼ਰੂਰ ਪੁਸ਼ਟੀ ਕਰਨੀ ਪਵੇਗੀ ਕਿ ਤੁਸੀਂ ਘਰ ਦੇ ਰਜਿਸਟਰਸ਼ੁਦਾ ਮਾਲਕ ਹੋ, ਤੁਹਾਡੀ ਉਮਰ 65 ਸਾਲ ਦੀ ਹੈ ਜਾਂ ਇਸ ਸਾਲ ਵਿਚ ਹੋ ਜਾਵੇਗੀ (ਵਾਧੂ ਗਰਾਂਟ ਲੈਣ ਲਈ) ਅਤੇ ਤੁਹਾਨੂੰ ਆਪਣੀ ਜਨਮ ਤਰੀਕ ਅਤੇ ਫੋਨ ਨੰਬਰ ਭਰਨੇ ਪੈਣਗੇ। ਗਰਾਂਟ ਦੀ ਰਕਮ ਤੁਹਾਡੇ ਵਲੋਂ ਦਿੱਤੇ ਜਾਣ ਵਾਲੇ ਪ੍ਰਾਪਰਟੀ ਟੈਕਸ ਵਿੱਚੋਂ ਘਟਾ ਦਿੱਤੀ ਜਾਵੇਗੀ।

ਸਾਲ 2005 ਵਿਚ ਵੱਧ ਤੋਂ ਵੱਧ ਮਿਲਣ ਵਾਲੀ ਗਰਾਂਟ (ਸਮੇਤ ਬਜ਼ੁਰਗਾਂ ਨੂੰ) 745 ਡਾਲਰ ਸੀ ਪਰ ਤੁਹਾਡੇ ਵਲੋਂ ਕਲੇਮ ਕੀਤੀ ਜਾਣ ਵਾਲੀ ਰਕਮ ਘੱਟ ਹੋ ਸਕਦੀ ਹੈ ਕਿਉਂਕਿ ਤੁਹਾਨੂੰ ਘੱਟੋ ਘੱਟ 100 ਡਾਲਰ ਪ੍ਰਾਪਰਟੀ ਟੈਕਸ ਜ਼ਰੂਰ ਦੇਣਾ ਪੈਂਦਾ ਹੈ। ਜੇ ਤੁਸੀਂ ਅਜਿਹੀ ਪ੍ਰਾਪਰਟੀ ’ਤੇ ਰਹਿੰਦੇ ਹੋ ਜਿਸ ਦਾ ਅਨੁਮਾਨਤ ਮੁੱਲ ਇਕ ਖਾਸ ਸੀਮਾ ਤੋਂ ਉਪਰ ਪਿਆ ਹੈ ਤਾਂ ਵੀ ਵੱਧ ਤੋਂ ਵੱਧ ਮਿਲਣ ਵਾਲੀ ਗਰਾਂਟ ਘਟ ਜਾਵੇਗੀ। ਸਾਲ 2005 ਵਿਚ, ਇਹ ਸੀਮਾ 685,000 ਡਾਲਰ ਸੀ।

ਹੋਰ ਜਾਣਕਾਰੀ ਲਈ ਹੋਮ ਓਨਰ ਗਰਾਂਟ ਐਡਮਿਨਸਟਰੇਸ਼ਨ ਬਰਾਂਚ ਨਾਲ ਸੰਪਰਕ ਕਰੋ:

| | |
|---|---|
| ਟੋਲ ਫਰੀ | 1 888 355-2700 |
| ਗਰੇਟਰ ਵਿਕਟੋਰੀਆ | 250 356-8904 |
| ਈਮੇਲ | hogadmin@gov.bc.ca |
| ਵੈੱਬਸਾਈਟ | www.rev.gov.bc.ca/hog |

ਜਾਂ ਆਪਣੇ ਸਥਾਨਕ ਟੈਕਸ ਇਕੱਠਾ ਕਰਨ ਵਾਲੇ ਦਫਤਰ ਜਾਂ ਸਰਕਾਰੀ ਏਜੰਟ ਨੂੰ ਫੋਨ ਕਰੋ।

## ਪ੍ਰਾਪਰਟੀ ਟੈਕਸ ਨੂੰ ਮੁਲਤਵੀ ਕਰਨਾ

60 ਸਾਲ ਅਤੇ ਜ਼ਿਆਦਾ ਉਮਰ ਦੇ ਘਰ ਮਾਲਕ, ਆਪਣੀ ਮੁੱਖ ਰਿਹਾਇਸ਼ ’ਤੇ ਦਿੱਤੇ ਜਾਣ ਵਾਲੇ ਸਲਾਨਾ ਪ੍ਰਾਪਰਟੀ ਟੈਕਸਾਂ ਦੀ ਅਦਾਇਗੀ ਮੁਲਤਵੀ ਕਰਨ ਦੇ ਯੋਗ ਹੋ ਸਕਦੇ ਹਨ। ਪ੍ਰਾਪਰਟੀ ਟੈਕਸ ਡੈਫਰਮੈਂਟ ਪ੍ਰੋਗਰਾਮ ਘੱਟ ਵਿਆਜ ’ਤੇ ਲੋਨ ਦਾ ਇਕ ਪ੍ਰੋਗਰਾਮ ਹੈ ਜਿਹੜਾ ਬ੍ਰਿਟਿਸ਼ ਕੋਲੰਬੀਆ ਦੇ ਹੱਕਦਾਰ ਘਰ ਮਾਲਕਾਂ ਦੀ ਆਪਣੇ ਘਰ ਦੇ ਸਲਾਨਾ ਪ੍ਰਾਪਰਟੀ ਟੈਕਸ ਦੇਣ ਵਿਚ ਮਦਦ ਕਰਦਾ ਹੈ।

# ਰਿਹਾਇਸ਼

ਮੁਲਤਵੀ ਹੋਏ ਟੈਕਸ ਸੂਬੇ ਵਲੋਂ ਘਰ ਮਾਲਕਾਂ ਦੀ ਤਰਫੋਂ ਟੈਕਸ ਲਾਉਣ ਵਾਲੀ ਅਥਾਰਟੀ (ਮਿਊਂਸਪਿਲਟੀ ਜਾਂ ਸੂਬਾਈ ਕੁਲੈਕਟਰ) ਨੂੰ ਦਿੱਤੇ ਜਾਂਦੇ ਹਨ। ਮੁਲਤਵੀ ਹੋਏ ਟੈਕਸ ਸੂਬੇ ਨੂੰ ਵਿਆਜ ਅਤੇ ਪ੍ਰਬੰਧਕੀ ਫੀਸ ਸਮੇਤ ਇਨ੍ਹਾਂ ਵਿਚੋਂ ਇਕ ਤਰੀਕੇ ਰਾਹੀਂ ਵਾਪਸ ਕੀਤੇ ਜਾਣੇ ਜ਼ਰੂਰੀ ਹਨ:

1. ਨਵੇਂ ਮਾਲਕ ਦੇ ਨਾਂ ਘਰ ਤਬਦੀਲ ਕੀਤੇ ਜਾਣ ਤੋਂ ਪਹਿਲਾਂ, ਪਰ ਜਿਊਂਦੀ ਪਤਨੀ/ਪਤੀ ਦੇ ਨਾਂ ਘਰ ਤਬਦੀਲ ਕੀਤਾ ਜਾ ਸਕਦਾ ਹੈ; ਜਾਂ
2. ਘਰ ਮਾਲਕ ਦੀ ਮੌਤ ਤੋਂ ਬਾਅਦ, ਉਸ ਦੀ ਇਸਟੇਟ ਰਾਹੀਂ ਪੈਸਿਆਂ ਦੀ ਵਾਪਸੀ।

ਇਹ ਪ੍ਰੋਗਰਾਮ ਹਰ ਉਮਰ ਦੇ ਉਸ ਘਰ ਮਾਲਕ ਨੂੰ ਵੀ ਮਿਲ ਸਕਦਾ ਹੈ ਜਿਸ ਦੇ ਜੀਵਨ ਸਾਥੀ ਦੀ ਮੌਤ ਹੋ ਚੁੱਕੀ ਹੈ ਜਾਂ ਜਿਹੜਾ *ਡਿਸਏਬਿਲਟੀ ਬੈਨੇਫਿਟਸ ਪ੍ਰੋਗਰਾਮ ਐਕਟ* ਵਿਚ ਅਪਾਹਜਤਾ ਵਾਲੇ ਵਿਅਕਤੀ ਦੀ ਪ੍ਰੀਭਾਸ਼ਾ ਪੂਰੀ ਕਰਦਾ ਹੈ।

ਪ੍ਰਾਪਰਟੀ ਟੈਕਸ ਡੈਫਰਮੈਂਟ ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲੈਣ ਲਈ, ਜਿਸ ਵਿਚ ਪ੍ਰੋਗਰਾਮ ਲਈ ਹੱਕਦਾਰਾਂ ਦੀਆਂ ਹੋਰ ਕਸੌਟੀਆਂ ਬਾਰੇ ਜਾਣਕਾਰੀ ਲੈਣਾ ਵੀ ਸ਼ਾਮਲ ਹੈ, ਆਪਣੇ ਮਿਊਂਸਪਲ ਦਫਤਰ ਜਾਂ ਨੇੜੇ ਦੇ ਸਰਵਿਸ ਬੀ ਸੀ – ਸਰਕਾਰੀ ਏਜੰਟ ਦੇ ਦਫਤਰ (ਸਰਕਾਰੀ ਏਜੰਟਾਂ ਨਾਲ ਸੰਬੰਧਿਤ ਸਫਾ ਦੇਖੋ) ਨਾਲ ਸੰਪਰਕ ਕਰੋ ਜਿੱਥੇ ਤੁਸੀਂ ਆਪਣਾ ਪ੍ਰਾਪਰਟੀ ਟੈਕਸ ਦਿੰਦੇ ਹੋ, ਜਾਂ ਅੱਗੇ ਦਿੱਤੇ ਨੰਬਰਾਂ 'ਤੇ ਫੋਨ ਕਰੋ:

ਵਿਕਟੋਰੀਆ 250 387-0555

Real Property Taxation Branch
Tax Deferment Section
Ministry of Small Business and Revenue
PO Box 9446 STN PROV GOVT
Victoria, B.C. V8W 9V6

ਵੈੱਬਸਾਈਟ www.rev.gov.bc.ca/rpt/property_tax_deferment.htm

## ਇੰਡੀਪੈਂਡਿੰਟ ਲਿਵਿੰਗ ਬੀ ਸੀ

ਬੀ.ਸੀ. ਦੇ ਬਜ਼ੁਰਗ ਲੰਮੀ, ਤੰਦਰੁਸਤ ਜ਼ਿੰਦਗੀ ਜੀਅ ਰਹੇ ਹਨ ਅਤੇ ਇਨ੍ਹਾਂ ਵਿੱਚੋਂ ਬਹੁਤ ਸਾਰੇ ਜਿੰਨਾ ਵੀ ਹੋ ਸਕੇ ਆਜ਼ਾਦ ਰਹਿਣਾ ਚਾਹੁੰਦੇ ਹਨ। ਪਰ ਜਿਵੇਂ ਜਿਵੇਂ ਬਜ਼ੁਰਗਾਂ ਦੀ ਉਮਰ ਵਧਦੀ ਹੈ, ਉਨ੍ਹਾਂ ਦੀਆਂ ਸਿਹਤ ਲੋੜਾਂ ਬਦਲ ਸਕਦੀਆਂ ਹਨ ਅਤੇ ਕੁਝ ਨੂੰ ਆਪਣੇ ਰੋਜ਼ਾਨਾ ਕਾਰਜਾਂ

# ਰਿਹਾਇਸ਼

ਵਿਚ ਮਦਦ ਦੀ ਲੋੜ ਹੋ ਸਕਦੀ ਹੈ। ਬੀਤੇ ਸਮੇਂ ਵਿਚ, ਇਸ ਹਾਲਤ ਵਾਲੇ ਬਜ਼ੁਰਗਾਂ ਕੋਲ ਸਿਰਫ ਦੋ ਹੀ ਚੋਣਾਂ ਹੁੰਦੀਆਂ ਸਨ: ਹੋਮ ਕੇਅਰ ਜਾਂ ਰੈਜ਼ੀਡੈਂਸ਼ੀਅਲ ਕੇਅਰ। ਇੰਡੀਪੈਂਡੈਂਟ ਲਿਵਿੰਗ ਬੀ ਸੀ (ਆਈ ਐੱਲ ਬੀ ਸੀ) ਉਨ੍ਹਾਂ ਲੋਕਾਂ ਲਈ ਇਕ ਵਿਚਕਾਰਲਾ ਰਸਤਾ ਪ੍ਰਦਾਨ ਕਰਦਾ ਹੈ ਜਿਨ੍ਹਾਂ ਨੂੰ ਆਜ਼ਾਦ ਰਹਿਣ ਲਈ ਵਾਧੂ ਮਦਦ ਦੀ ਤਾਂ ਲੋੜ ਹੈ ਪਰ ਜੋ 24 ਘੰਟੇ ਦੀ ਰਿਹਾਇਸ਼ੀ ਸੰਭਾਲ ਨਹੀਂ ਚਾਹੁੰਦੇ ਜਾਂ ਜਿਨ੍ਹਾਂ ਨੂੰ 24 ਘੰਟੇ ਦੀ ਰਿਹਾਇਸ਼ੀ ਸੰਭਾਲ ਦੀ ਲੋੜ ਨਹੀਂ ਹੈ।

ਬਜ਼ੁਰਗਾਂ ਅਤੇ ਅਪਾਹਜ ਲੋਕਾਂ ਨੂੰ ਆਈ ਐੱਲ ਬੀ ਸੀ ਪ੍ਰੋਗਰਾਮ ਵਿਚ ਉਨ੍ਹਾਂ ਦੀ ਲੋਕਲ ਹੈੱਲਥ ਅਥਾਰਟੀ ਵਲੋਂ ਭੇਜਿਆ ਜਾਂਦਾ ਹੈ। ਇਹ ਵਿਅਕਤੀ ਆਈ ਐੱਲ ਬੀ ਸੀ ਰਾਹੀਂ ਦਿੱਤੇ ਜਾਂਦੇ ਸਹਾਇਕ ਰਹਿਣੀ ਵਾਲੇ ਘਰਾਂ ਵਿਚ ਰਹਿਣ ਲਈ ਆਪਣੀ ਟੈਕਸਾਂ ਤੋਂ ਬਾਅਦ ਦੀ ਆਮਦਨ ਦਾ 70 ਫੀ ਸਦੀ ਅਦਾ ਕਰਦੇ ਹਨ। ਇਨ੍ਹਾਂ ਰਿਹਾਇਸ਼ਾਂ ਵਿਚ ਰਿਹਾਇਸ਼, ਖ਼ਾਤਰਦਾਰੀ ਦੀਆਂ ਸੇਵਾਵਾਂ ਜਿਵੇਂ ਕਿ ਖਾਣੇ, ਹਾਊਸਕੀਪਿੰਗ, ਮਨੋਰੰਜਨ ਦੇ ਮੌਕੇ ਅਤੇ 24 ਘੰਟਿਆਂ ਵਿਚ ਕਿਸੇ ਵੀ ਵੇਲੇ ਮਦਦ ਕਰਨ ਦੇ ਸਿਸਟਮ  ਵਰਗੀਆਂ ਸੇਵਾਵਾਂ, ਅਤੇ ਕੰਘੀ-ਪੱਟੀ, ਆਉਣ ਜਾਣ ਵਿਚ ਮਦਦ ਅਤੇ ਦਵਾਈਆਂ ਵਰਗੀਆਂ ਨਿੱਜੀ ਸੰਭਾਲ ਦੀਆਂ ਸੇਵਾਵਾਂ ਸ਼ਾਮਲ ਹਨ।

### ਹੱਕਦਾਰੀ ਅਤੇ ਅਰਜ਼ੀ ਦੇਣਾ

ਜੇ ਤੁਸੀਂ ਇਹ ਪਤਾ ਲਾਉਣਾ ਚਾਹੁੰਦੇ ਹੋ ਕਿ ਕੀ ਤੁਸੀਂ ਸਹਾਇਕ ਰਹਿਣੀ ਵਾਲੇ ਅਪਾਰਟਮੈਂਟ ਵਿਚ ਰਹਿਣ ਦੇ ਹੱਕਦਾਰ ਹੋ ਤਾਂ ਆਪਣੀ ਲੋਕਲ ਹੈੱਲਥ ਅਥਾਰਟੀ ਨਾਲ ਸੰਪਰਕ ਕਰੋ। ਬੀ.ਸੀ. ਵਿਚਲੀਆਂ ਹੈੱਲਥ ਅਥਾਰਟੀਆਂ ਦੀ ਲਿਸਟ ਦੇਖਣ ਲਈ ਕਿਰਪਾ ਕਰਕੇ ਇਸ ਗਾਈਡ ਦਾ ਹੈੱਲਥ ਅਥਾਰਟੀਜ਼ ਵਾਲਾ ਭਾਗ ਦੇਖੋ (ਸਫਾ 12)। ਹੈੱਲਥ ਅਥਾਰਟੀ ਦਾ ਕੋਈ ਮੈਨੇਜਰ ਇਹ ਪਤਾ ਲਾਉਣ ਲਈ ਤੁਹਾਡੇ ਨਾਲ ਰਲ ਕੇ ਕੰਮ ਕਰੇਗਾ ਕਿ ਕੀ ਤੁਹਾਡੀਆਂ ਲੋੜਾਂ ਪੂਰੀਆਂ ਕਰਨ ਲਈ ਸਹਾਇਕ ਰਹਿਣੀ ਤੁਹਾਡੇ ਲਈ ਸੱਭ ਤੋਂ ਵਧੀਆ ਹੈ ਜਾਂ ਨਹੀਂ।

ਸਹਾਇਕ ਰਹਿਣੀ ਬਾਰੇ ਜਾਣਕਾਰੀ ਲੈਣ ਲਈ, ਇਸ ਗਾਈਡ ਵਿਚ ਸਿਹਤ ਸੇਵਾਵਾਂ (ਹੈੱਲਥ ਸਰਵਿਸਜ਼) ਥੱਲੇ ਘਰ ਅਤੇ ਕਮਿਉਨਟੀ ਵਿਚ ਸੰਭਾਲ ਵਾਲਾ ਭਾਗ ਦੇਖੋ।

ਵੈੱਬਸਾਈਟ www.bchousing.org/programs/independent

## ਬਜ਼ੁਰਗਾਂ ਲਈ ਵਾਰਾ ਖਾਣ ਯੋਗ ਰਿਹਾਇਸ਼

ਘੱਟ ਆਮਦਨ ਵਾਲੇ ਜਿਹੜੇ ਬਜ਼ੁਰਗ ਸਹਾਇਤਾ ਸੇਵਾਵਾਂ ਤੋਂ ਬਗੈਰ ਰਹਿਣ ਦੇ ਯੋਗ ਹਨ ਜਾਂ ਜਿਹੜੇ ਘਰ ਵਿਚ ਸੰਭਾਲ ਦੀਆਂ ਸੇਵਾਵਾਂ ਦੀ ਮਦਦ ਨਾਲ ਆਜ਼ਾਦ ਰਹਿਣਾ ਜਾਰੀ ਰੱਖ ਸਕਦੇ

# ਰਿਹਾਇਸ਼

ਹਨ, ਉਹ ਅਫੋਰਡੇਬਲ ਹਾਊਜ਼ਿੰਗ ਡਿਵੈਲਪਮੈਂਟਸ ਲਈ ਅਰਜ਼ੀ ਕਰ ਸਕਦੇ ਹਨ ਜਿਸ ਦਾ ਪ੍ਰਬੰਧ ਬੀ ਸੀ ਹਾਊਜ਼ਿੰਗ ਜਾਂ ਬਿਨਾਂ-ਮੁਨਾਫੇ ਤੋਂ ਕੰਮ ਕਰਨ ਵਾਲੀਆਂ ਅਤੇ ਕੋ-ਅੱਪਰੇਟਿਵ ਰਿਹਾਇਸ਼ਾਂ ਪ੍ਰਦਾਨ ਕਰਨ ਵਾਲੀਆਂ ਸੰਸਥਾਵਾਂ ਵਲੋਂ ਚਲਾਇਆ ਜਾਂਦਾ ਹੈ। ਬੀ ਸੀ ਹਾਊਜ਼ਿੰਗ ਅਰਜ਼ੀਆਂ ਲੈਂਦੀ ਹੈ ਅਤੇ ਕੁਝ ਬਿਨਾਂ-ਮੁਨਾਫੇ ਤੋਂ ਕੰਮ ਕਰਨ ਵਾਲੀਆਂ ਅਤੇ ਕੋ-ਅੱਪਰੇਟਿਵ ਹਾਊਜ਼ਿੰਗ ਦੇਣ ਵਾਲੀਆਂ ਸੰਸਥਾਵਾਂ ਦੀ ਤਰਫੋਂ ਰਜਿਸਟਰੀ ਰੱਖਦੀ ਹੈ।

ਅਰਜ਼ੀ ਕਰਨ ਲਈ, ਬਜ਼ੁਰਗ ਇਕ ਅਰਜ਼ੀ ਫਾਰਮ ਭਰ ਸਕਦੇ ਹਨ ਜਿਹੜਾ ਕਿ ਬੀ ਸੀ ਹਾਊਜ਼ਿੰਗ ਦੇ ਕਿਸੇ ਵੀ ਦਫਤਰ ਤੋਂ ਮਿਲਦਾ ਹੈ ਜਾਂ www.bchousing.org ਵੈੱਬਸਾਈਟ ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ। ਪਰ ਬਿਨਾਂ-ਮੁਨਾਫੇ ਤੋਂ ਕੰਮ ਕਰਨ ਵਾਲੀਆਂ ਕਈ ਸੁਸਾਇਟੀਆਂ ਅਤੇ ਹਾਊਜ਼ਿੰਗ ਕੋ-ਅੱਪ੍ਰੇਟਿਵਜ਼ ਆਪਣੀ ਰਜਿਸਟਰੀ ਆਪ ਰੱਖਦੀਆਂ ਹਨ ਅਤੇ ਬਜ਼ੁਰਗਾਂ ਨੂੰ ਇਨ੍ਹਾਂ ਗਰੁੱਪਾਂ ਕੋਲ ਸਿੱਧਿਆਂ ਅਰਜ਼ੀ ਕਰਨ ਲਈ ਉਤਸ਼ਾਹਤ ਕੀਤਾ ਜਾਂਦਾ ਹੈ। ਬਜ਼ੁਰਗ, ਸੁਸਾਇਟੀਆਂ ਅਤੇ ਕੋ-ਅੱਪਰੇਟਿਵਜ਼ ਨਾਲ ਸੰਪਰਕ ਕਰਨ ਅਤੇ ਰਿਹਾਇਸ਼ੀ ਉਸਾਰੀਆਂ ਬਾਰੇ ਜਾਣਕਾਰੀ "ਲਿੰਕ" ਤੋਂ ਲੈ ਸਕਦੇ ਹਨ ਜੋ ਕਿ ਇਕ ਜਾਣਕਾਰੀ ਵਾਲੀ ਡਾਇਰੈਕਟਰੀ ਹੈ ਜਿਹੜੀ ਕਿ ਸੂਬੇ ਭਰ ਵਿਚ ਵਾਰਾ ਖਾਣ ਯੋਗ ਰਿਹਾਇਸ਼ਾਂ ਬਾਰੇ ਜਾਣਕਾਰੀ ਪ੍ਰਦਾਨ ਕਰਦੀ ਹੈ। "ਲਿੰਕ" ਬੀ ਸੀ ਹਾਊਜ਼ਿੰਗ ਦੇ ਸਾਰੇ ਦਫਤਰਾਂ ਤੋਂ ਮਿਲਦਾ ਹੈ, ਜਾਂ ਜਾਣਕਾਰੀ ਬੀ ਸੀ ਹਾਊਜ਼ਿੰਗ ਦੇ ਵੈੱਬਸਾਈਟ ਤੋਂ ਡਾਊਨਲੋਡ ਕੀਤੀ ਜਾ ਸਕਦੀ ਹੈ।

ਸਹਾਇਕ ਰਹਿਣੀ ਬਾਰੇ ਜਾਣਕਾਰੀ ਲੈਣ ਲਈ, ਸਿਹਤ ਸੇਵਾਵਾਂ (ਹੈੱਲਥ ਸਰਵਿਸਜ਼) ਅਧੀਨ ਘਰ ਅਤੇ ਕਮਿਉਨਟੀ ਵਿਚ ਸੰਭਾਲ ਵਾਲਾ ਭਾਗ ਦੇਖੋ।

ਸਬਸਿਡੀ ਵਾਲੀ ਰਿਹਾਇਸ਼ ਬਾਰੇ ਹੋਰ ਜਾਣਕਾਰੀ ਲੈਣ ਲਈ, ਬੀ ਸੀ ਹਾਊਜ਼ਿੰਗ ਨਾਲ ਸੰਪਰਕ ਕਰੋ:

**ਮੁੱਖ ਦਫਤਰ**

| | |
|---|---|
| ਟੋਲ ਫਰੀ | 1 800 257-7756 |
| ਗਰੇਟਰ ਵੈਨਕੂਵਰ | 604 433-2218 |

ਲੋਅਰ ਮੇਨਲੈਂਡ

**ਵੈੱਸਟ ਰੀਜਨਲ ਆਫਿਸ**

| | |
|---|---|
| ਵੈਨਕੂਵਰ | 604 609-7024 |
| ਈਮੇਲ | lmwmail@bchousing.org |
| ਵੈੱਬਸਾਈਟ | www.bchousing.org/applicants/housing_listing |

# ਰਿਹਾਇਸ਼

ਲੋਅਰ ਮੇਨਲੈਂਡ

**ਈਸਟ ਰੀਜਨਲ ਆਫਿਸ**

| | |
|---|---|
| ਬਰਨਬੀ | 604 525-3033 |
| ਈਮੇਲ | lmemail@bchousing.org |

**ਵੈਨਕੂਵਰ ਆਈਲੈਂਡ ਰੀਜਨਲ ਆਫਿਸ**

| | |
|---|---|
| ਟੋਲ ਫਰੀ | 1 800 787-2807 |
| ਗਰੇਟਰ ਵਿਕਟੋਰੀਆ | 250 475-7550 |
| ਈਮੇਲ | icmail@bchousing.org |

**ਇਨਟੀਰੀਅਰ ਰੀਜਨਲ ਆਫਿਸ**

| | |
|---|---|
| ਪੈੱਨਟਿਕਟਨ | 250 493-0301 |
| ਈਮੇਲ | penmail@bchousing.org |

**ਨੌਰਦਰਨ ਰੀਜਨਲ ਆਫਿਸ**

| | |
|---|---|
| ਪ੍ਰਿੰਸ ਜੌਰਜ | 250 562-9251 |
| ਈਮੇਲ | pgmail@bchousing.org |

**ਪ੍ਰਿੰਸ ਰੂਪਰਟ ਆਫਿਸ**

| | |
|---|---|
| ਨੌਰਦਰਨ ਰੀਜਨ (ਪ੍ਰਿੰਸ ਰੂਪਰਟ) | 250 627-7501 |
| ਈਮੇਲ | prmail@bchousing.org |

## ਘਰ ਨੂੰ ਬਜ਼ੁਰਗਾਂ ਦੇ ਆਜ਼ਾਦ ਰਹਿਣ ਲਈ ਅਨੁਕੂਲ ਬਣਾਉਣ ਦਾ ਪ੍ਰੋਗਰਾਮ

ਹੋਮ ਅਡਾਪਟੇਸ਼ਨਜ਼ ਫਾਰ ਸੀਨੀਅਰਜ਼ ਇੰਡੀਪੈਂਡਿੰਸ ਪ੍ਰੋਗਰਾਮ (ਐੱਚ ਏ ਐੱਸ ਆਈ) ਘਰ ਮਾਲਕਾਂ ਅਤੇ ਲੈਂਡਲੌਰਡਾਂ ਨੂੰ ਘਰਾਂ ਵਿਚ ਉਹ ਨਿੱਕੀਆਂ ਤਬਦੀਲੀਆਂ ਕਰਨ ਦਾ ਖਰਚਾ ਦਿੰਦਾ ਹੈ, ਜਿਹੜੀਆਂ ਤਬਦੀਲੀਆਂ ਘੱਟ ਆਮਦਨ ਵਾਲੇ ਬਜ਼ੁਰਗਾਂ ਦੇ ਆਪਣੇ ਘਰਾਂ ਵਿਚ ਆਜ਼ਾਦਾਨਾ ਰੂਪ ਵਿਚ ਰਹਿ ਸਕਣ ਦੇ ਸਮੇਂ ਵਿਚ ਵਾਧਾ ਕਰਦੀਆਂ ਹਨ। ਵੱਧ ਤੋਂ ਵੱਧ ਮਿਲਣ ਵਾਲੀ ਸਹਾਇਤਾ 3,500 ਡਾਲਰ ਹੈ ਅਤੇ ਇਹ ਪੌੜੀਆਂ ਦੇ ਜੰਗਲੇ, ਦਰਵਾਜ਼ਿਆਂ ਦੇ ਲੀਵਰ ਹੈਂਡਲ ਅਤੇ ਨਹਾਉਣ ਵਾਲੇ ਟੱਬਾਂ ਵਿਚ ਆਸਰੇ ਲਈ ਡੰਡੇ ਲਵਾਉਣ ਦੇ ਖਰਚੇ ਦੇਣ ਲਈ ਹੁੰਦੀ ਹੈ।

# ਰਿਹਾਇਸ਼

ਐੱਚ ਏ ਐੱਸ ਆਈ ਲੈਣ ਦੇ ਹੱਕਦਾਰ ਹੋਣ ਲਈ ਘਰ ਵਿਚ ਰਹਿੰਦੇ ਬਜ਼ੁਰਗ (ਬਜ਼ੁਰਗਾਂ) ਦੀ ਆਮਦਨ ਤਹਿ ਕੀਤੀ ਗਈ ਇਕ ਹੱਦ ਨਾਲੋਂ ਘੱਟ ਹੋਣੀ ਜ਼ਰੂਰੀ ਹੈ (ਇਹ ਸੀਮਾ ਵੱਖੋ ਵੱਖਰੇ ਸਥਾਨਾਂ ਦੇ ਮੁਤਾਬਕ ਵੱਖੋ ਵੱਖਰੀ ਹੈ।) ਇਹ ਸਹਾਇਤਾ ਲੋਨ ਦੇ ਰੂਪ ਵਿਚ ਦਿੱਤੀ ਜਾਂਦੀ ਹੈ ਜਿਸ ਦਾ ਮੋੜਿਆ ਜਾਣਾ ਜ਼ਰੂਰੀ ਨਹੀਂ ਹੈ, ਜਿੰਨਾ ਚਿਰ ਤੱਕ ਘਰ ਮਾਲਕ ਘਰ ਵਿਚ ਛੇ ਮਹੀਨਿਆਂ ਲਈ ਰਹਿਣਾ ਜਾਰੀ ਰੱਖੇ।

ਪੂਰੇ ਵੇਰਵੇ ਅਤੇ ਅਰਜ਼ੀ ਫਾਰਮ ਲੈਣ ਲਈ, ਆਪਣੇ ਨੇੜੇ ਦੇ ਕੈਨੇਡਾ ਮੌਰਗੇਜ ਐਂਡ ਹਾਊਜ਼ਿੰਗ ਕਾਰਪੋਰੇਸ਼ਨ ਦੇ ਦਫਤਰ ਨਾਲ ਸੰਪਰਕ ਕਰੋ, ਜਿਹੜਾ ਟੈਲੀਫੋਨ ਬੁੱਕ ਦੇ ਚਿੱਟੇ ਪੰਨਿਆਂ ’ਤੇ ਦਰਜ ਹੈ, ਜਾਂ ਅੱਗੇ ਦਿੱਤੇ ਨੰਬਰਾਂ ’ਤੇ ਫੋਨ ਕਰੋ:

ਟੋਲ ਫਰੀ 1 800 639-3938
ਗਰੇਟਰ ਵੈਨਕੂਵਰ 604 731-5733
ਵੈੱਬਸਾਈਟ www.cmhc-schl.gc.ca/en/prfias/hasi/readaspr_002.cfm

## ਰੈਜ਼ੀਡੈਂਸ਼ਲ ਰੀਹੈਬਲੀਟੇਸ਼ਨ ਅਸਿਸਟੈਂਸ ਪ੍ਰੋਗਰਾਮ

ਘਰ ਮਾਲਕਾਂ ਲਈ ਰੈਜ਼ੀਡੈਂਸ਼ਲ ਰੀਹੈਬਲੀਟੇਸ਼ਨ ਅਸਿਸਟੈਂਸ ਪ੍ਰੋਗਰਾਮ (ਆਰ ਆਰ ਏ ਪੀ) ਘੱਟ ਆਮਦਨ ਵਾਲੇ ਮਾਲਕਾਂ ਨੂੰ ਆਪਣੇ ਘੱਟ ਕੀਮਤਾਂ ਵਾਲੇ ਘਰਾਂ ਦੀ ਰਿਪੇਅਰ ਲਈ ਮਾਇਕ ਸਹਾਇਤਾ ਪ੍ਰਦਾਨ ਕਰਦਾ ਹੈ। ਇਹ ਪੈਸੇ ਕਰਜ਼ੇ ਦੇ ਰੂਪ ਵਿਚ ਦਿੱਤੇ ਜਾਂਦੇ ਹਨ।

ਘਰ ਨੂੰ ਅਪਾਹਜ ਵਿਅਕਤੀਆਂ ਲਈ ਜ਼ਿਆਦਾ ਅਨੁਕੂਲ ਬਣਾਉਣ ਲਈ, ਘਰ ਵਿਚ ਕੀਤੇ ਜਾਣ ਵਾਲੇ ਸੁਧਾਰਾਂ ਲਈ ਮਾਇਕ ਸਹਾਇਤਾ ਵੀ ਮਿਲਦੀ ਹੈ।

ਵੈੱਬਸਾਈਟ www.cmhc-schl.gc.ca/en/prfias/rerepr/readaspr_003.cfm

ਆਰ ਆਰ ਏ ਪੀ ਬਾਰੇ ਹੋਰ ਜਾਣਕਾਰੀ ਲੈਣ ਲਈ, ਆਪਣੇ ਨੇੜੇ ਦੇ ਕੈਨੇਡਾ ਮੌਰਗੇਜ ਐਂਡ ਹਾਊਜ਼ਿੰਗ ਕਾਰਪੋਰੇਸ਼ਨ ਦੇ ਦਫਤਰ ਨਾਲ ਸੰਪਰਕ ਕਰੋ ਜਿਸ ਦਾ ਨੰਬਰ ਤੁਹਾਡੀ ਟੈਲੀਫੋਨ ਬੁੱਕ ਦੇ ਚਿੱਟੇ ਪੰਨਿਆਂ ’ਤੇ ਦਰਜ ਹੈ, ਜਾਂ ਅੱਗੇ ਦਿੱਤੇ ਨੰਬਰਾਂ ’ਤੇ ਫੋਨ ਕਰੋ:

ਟੋਲ ਫਰੀ 1 800 639-3938
ਗਰੇਟਰ ਵੈਨਕੂਵਰ 604 731-5733

# ਰਿਹਾਇਸ਼

## ਰੈਜ਼ੀਡੈਂਸ਼ਲ ਟੈਨੇਸੀ ਆਫਿਸ

ਰੈਜ਼ੀਡੈਂਸ਼ਲ ਟੈਨੇਸੀ ਆਫਿਸ, ਘਰ ਮਾਲਕਾਂ ਅਤੇ ਕਿਰਾਏਦਾਰਾਂ ਨੂੰ *ਰੈਜ਼ੀਡੈਂਸ਼ਲ ਟੈਨੇਸੀ ਐਕਟ ਅਤੇ ਮੈਨੂਫੈਕਚਰਡ ਹੋਮ ਪਾਰਕ ਟੈਨੇਂਸੀ ਐਕਟ* ਅਧੀਨ ਆਪਣੇ ਹੱਕਾਂ ਅਤੇ ਜ਼ਿੰਮੇਵਾਰੀਆਂ ਅਤੇ ਚੋਣਾਂ ਬਾਰੇ ਜਾਣਕਾਰੀ ਦਿੰਦਾ ਹੈ। ਇਹ ਦਫਤਰ ਕਿਰਾਏਦਾਰੀ ਨਾਲ ਸੰਬੰਧਿਤ ਮਤਭੇਦਾਂ ਨੂੰ ਹੱਲ ਕਰਨ ਵਿਚ ਮਦਦ ਕਰ ਸਕਦਾ ਹੈ ਜਿਵੇਂ ਕਿ ਪ੍ਰਾਪਰਟੀ ਦੇ ਨੁਕਸਾਨ ਦੇ ਕਲੇਮ, ਸਕਿਉਰਟੀ ਡਿਪਾਜ਼ਟਾਂ ਦੀ ਵਾਪਸੀ, ਜਾਂ ਮਕਾਨ ਖਾਲੀ ਕਰਨ ਦੇ ਨੋਟਿਸ। ਜੇ ਝਗੜੇ ਆਪਸ ਵਿੱਚ ਹੱਲ ਨਾ ਕੀਤੇ ਜਾ ਸਕਦੇ ਹੋਣ ਤਾਂ ਝਗੜੇ ਦੇ ਹੱਲ ਲਈ ਤੁਸੀਂ ਆਰਬੀਟਰੇਟਰ (ਸਾਲਸ) ਕੋਲ ਅਪਲਾਈ ਕਰ ਸਕਦੇ ਹੋ। ਰੈਜ਼ੀਡੈਂਸ਼ਲ ਟੈਨੇਸੀ ਆਫਿਸ ਚੱਕਵੇਂ (ਮੈਨੂਫੈਕਚਰਡ) ਘਰਾਂ ਦੇ ਝਗੜਿਆਂ ਨੂੰ ਹੱਲ ਕਰਨ ਬਾਰੇ ਜਾਣਕਾਰੀ ਅਤੇ ਝਗੜਿਆਂ ਦੇ ਹੱਲ ਦੀਆਂ ਸੇਵਾਵਾਂ ਵੀ ਪ੍ਰਦਾਨ ਕਰਦਾ ਹੈ।

ਘਰ ਮਾਲਕਾਂ ਅਤੇ ਕਿਰਾਏਦਾਰਾਂ ਦੇ ਹੱਕਾਂ ਅਤੇ ਜ਼ਿੰਮੇਵਾਰੀਆ ਬਾਰੇ ਜਾਣਕਾਰੀ ਰੈਜ਼ੀਡੈਂਸ਼ਲ ਟੈਨੇਸੀ ਆਫਿਸ ਦੇ ਵੈੱਬਸਾਈਟ ’ਤੇ ਮੌਜੂਦ ਹੈ। ਜਾਣਕਾਰੀ ਦੇਣ ਵਾਲੇ ਕਿਸੇ ਅਫਸਰ ਨਾਲ ਗੱਲ ਕਰਨ ਲਈ ਜਾਂ ਬੀ.ਸੀ. ਵਿਚ ਮਕਾਨ ਕਿਰਾਏ ’ਤੇ ਲੈਣ ਬਾਰੇ ਰਿਕਾਰਡ ਕੀਤੀ ਹੋਈ ਜਾਣਕਾਰੀ 24 ਘੰਟਿਆਂ ਵਿਚ ਕਿਸੇ ਵੇਲੇ ਵੀ ਸੁਣਨ ਲਈ ਅੱਗੇ ਦਿੱਤੇ ਨੰਬਰਾਂ ’ਤੇ ਫੋਨ ਕਰੋ।

| | |
|---|---|
| ਟੋਲ ਫਰੀ | 1 800 665-8779 |
| ਗਰੇਟਰ ਵੈਨਕੂਵਰ | 604 660-1020 |
| ਈਮੇਲ | hsrto@gov.bc.ca |
| ਵੈੱਬਸਾਈਟ | www.rto.gov.bc.ca |

## ਬਜ਼ੁਰਗਾਂ ਲਈ ਰਿਹਾਇਸ਼ਾਂ ਬਾਰੇ ਜਾਣਕਾਰੀ ਦੇਣ ਦਾ ਪ੍ਰੋਗਰਾਮ

ਇਹ ਬਿਨਾਂ-ਮੁਨਾਫੇ ਤੋਂ ਕੰਮ ਕਰਨ ਵਾਲੀ ਸੰਸਥਾ ਬ੍ਰਿਟਿਸ਼ ਕੋਲੰਬੀਆ ਦੇ ਲੋਅਰ ਮੇਨਲੈਂਡ ਦੇ ਇਲਾਕੇ ਵਿਚ ਰਹਿੰਦੇ ਜਾਂ ਰਹਿਣਾ ਚਾਹੁਣ ਵਾਲੇ ਬਜ਼ੁਰਗਾਂ ਲਈ ਸਾਰੀਆਂ ਕਿਸਮਾਂ ਦੀਆਂ ਰਿਹਾਇਸ਼ੀ ਚੋਣਾਂ ਅਤੇ ਸੇਵਾਵਾਂ ਬਾਰੇ ਜਾਣਕਾਰੀ ਦਿੰਦੀ ਹੈ। ਹਾਊਜ਼ਿੰਗ ਡਾਇਰੈਕਟਰੀ ਦੀ ਜਾਣਕਾਰੀ ਪ੍ਰੋਗਰਾਮ ਦੇ ਵੈੱਬਸਾਈਟ ’ਤੇ ਵੀ ਦੇਖੀ ਜਾ ਸਕਦੀ ਹੈ।

# ਰਿਹਾਇਸ਼

ਜ਼ਿਆਦਾ ਜਾਣਕਾਰੀ ਲਈ ਅੱਗੇ ਲਿਖੇ ਨੰਬਰ ’ਤੇ ਫੋਨ ਕਰੋ।

| | |
|---|---|
| ਨਿਊਵੈੱਸਟਮਿਨਸਟਰ | 604 520-6621 |
| ਈਮੇਲ | info@seniorshousing.bc.ca |

#209 – 800 McBride Blvd.
New Westminster, B.C. V3L 2B8

| | |
|---|---|
| ਵੈੱਬਸਾਈਟ | www.seniorshousing.bc.ca |



# ਆਵਾਜਾਈ

ਬਜ਼ੁਰਗਾਂ ਦੀ ਤੰਦਰੁਸਤ ਰਹਿਣ ਵਿਚ ਮਦਦ ਕਰਨਾ

# ਬਜ਼ੁਰਗਾਂ ਲਈ ਸੇਵਾਵਾਂ


**ਆਵਾਜਾਈ** **43**

ਬਜ਼ੁਰਗਾਂ ਦੀ ਸਰਗਰਮ ਰਹਿਣ ਵਿਚ ਮਦਦ ਕਰਨ ਲਈ ਆਵਾਜਾਈ ਦੀਆਂ ਚੋਣਾਂ 43

ਬਜ਼ੁਰਗਾਂ ਨੂੰ ਬੱਸਾਂ ਦੇ ਕਿਰਾਇਆਂ ਵਿਚ ਛੋਟ 44

ਬੱਸ ਪਾਸ ਪ੍ਰੋਗਰਾਮ 44

ਹੈਂਡੀਡਾਰਟ ਕਸਟਮ ਟ੍ਰਾਂਜ਼ਿਟ 45

ਟੈਕਸੀ ਸੇਵਰ ਪ੍ਰੋਗਰਾਮ 46

ਕਮਿਊਨਟੀ ਟਰੈਵਲ ਟਰੇਨਿੰਗ ਪ੍ਰੋਗਰਾਮ – ਵਿਕਟੋਰੀਆ 47

ਫੈਰੀ ਕਿਰਾਏ – ਬੀ ਸੀ ਫੈਰੀਜ਼ 47

ਇਨਲੈਂਡ ਫੈਰੀਆਂ 47

ਬਜ਼ੁਰਗਾਂ ਨੂੰ ਗੱਡੀਆਂ ਦੀ ਇਨਸ਼ੋਰੈਂਸ ਵਿਚ ਰਿਆਇਤ (ਡਿਸਕਾਊਂਟ) 48

ਡਰਾਇਵਰ ਲਾਇਸੈਂਸ 48

ਡਰਾਇਵਰ ਇਮਤਿਹਾਨ ਅਤੇ ਮੈਡੀਕਲ ਰਿਪੋਰਟਾਂ 49

ਸਾਬਕਾ ਫੌਜੀਆਂ ਲਈ ਲਾਇਸੰਸ ਪਲੇਟਾਂ 50

ਐਲਡਰਜ਼ ਟ੍ਰਾਂਸਪੋਰਟੇਸ਼ਨ ਪ੍ਰੋਗਰਾਮ 51



# ਆਵਾਜਾਈ

## *ਬਜ਼ੁਰਗਾਂ ਦੀ ਸਰਗਰਮ ਰਹਿਣ ਵਿਚ ਮਦਦ ਕਰਨ ਲਈ ਆਵਾਜਾਈ ਦੀਆਂ ਚੋਣਾਂ*

ਭਾਵੇਂ ਇਹ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰਾਂ ਵਿਚ ਪਹੁੰਚਯੋਗ ਬੱਸ ਸੇਵਾਵਾਂ ਯਕੀਨੀ ਬਣਾਉਣ ਦੀ ਗੱਲ ਹੋਵੇ ਜਾਂ ਸੂਬੇ ਦੇ ਸਾਰੇ ਇਲਾਕਿਆਂ ਵਿਚ ਰਹਿ ਰਹੇ ਬਜ਼ੁਰਗਾਂ ਲਈ ਗੱਡੀਆਂ ਦੀ ਇਨਸ਼ੋਰੈਂਸ ਵਾਰਾ ਖਾਣ ਯੋਗ ਰੱਖਣ ਦੀ ਗੱਲ ਹੋਵੇ, ਆਵਾਜਾਈ ਲਈ ਸੂਬੇ ਦੀ ਸਰਕਾਰ ਦੀ ਯੋਜਨਾ ਸੁਨਹਿਰੀ ਭਵਿੱਖ ਲਈ ਬੀ.ਸੀ. ਨੂੰ ਪਹੁੰਚਯੋਗ ਬਣਾਉਣਾ ਹੈ।

ਸਾਡੇ ਬਜ਼ੁਰਗਾਂ ਦੀ ਅਨੇਕ ਪ੍ਰਕਾਰ ਦੀ ਆਬਾਦੀ ਕਾਰਨ ਇਹ ਹੈਰਾਨ ਕਰਨ ਵਾਲੀ ਗੱਲ ਨਹੀਂ ਹੈ ਕਿ ਮੁੱਖ ਮੁੱਦਾ ਚੋਣ ਹੈ। ਬਜ਼ੁਰਗਾਂ ਨੂੰ ਆਵਾਜਾਈ ਦੇ ਵੱਖ ਵੱਖ ਸਾਧਨਾਂ ਦੀ ਲੋੜ ਹੈ ਜਿਹੜੇ ਉਨ੍ਹਾਂ ਨੂੰ ਆਪਣੀਆਂ ਕਮਿਊਨਟੀਆਂ ਵਿਚ ਸਰਗਰਮ ਅਤੇ ਸ਼ਮੂਲੀਅਤ ਕਰ ਸਕਣ ਦੇ ਯੋਗ ਬਣਾਉਣ।

ਬੀ ਸੀ ਫੈਰੀਆਂ ਅਤੇ ਬੀ ਸੀ ਟ੍ਰਾਂਜ਼ਿਟ ’ਤੇ ਸਫਰ ਕਰਨ ਲਈ ਕਿਰਾਇਆਂ ਵਿਚ ਰਿਆਇਤਾਂ ਵਰਗੇ ਉੱਦਮਾਂ ਤੋਂ ਸਾਰੇ ਬਜ਼ੁਰਗਾਂ ਨੂੰ ਫਾਇਦਾ ਹੁੰਦਾ ਹੈ ਜਦ ਕਿ ਘੱਟ ਆਮਦਨ ਵਾਲੇ ਬਜ਼ੁਰਗਾਂ ਅਤੇ ਅਪਾਹਜ ਲੋਕਾਂ ਲਈ ਘੱਟ ਖਰਚੇ ਵਾਲੇ ਬੱਸ ਪਾਸ ਪ੍ਰੋਗਰਾਮ ਵਰਗੇ ਹੋਰ ਪ੍ਰੋਗਰਾਮਾਂ ਦਾ ਨਿਸ਼ਾਨਾ ਉਹ ਲੋਕ ਹਨ ਜਿਨ੍ਹਾਂ ਨੂੰ ਇਨ੍ਹਾਂ ਦੀ ਸੱਭ ਤੋਂ ਜ਼ਿਆਦਾ ਲੋੜ ਹੈ। ਬੱਸ ਪਾਸ ਪ੍ਰੋਗਰਾਮ ਬੀ.ਸੀ. ਦੇ 44 ਸ਼ਹਿਰਾਂ ਵਿਚ ਦਿੱਤਾ ਜਾਂਦਾ ਹੈ ਅਤੇ ਹਰ ਸਾਲ ਇਸ ਤੋਂ 60,000 ਤੋਂ ਵੀ ਜ਼ਿਆਦਾ ਲੋਕਾਂ ਨੂੰ ਫਾਇਦਾ ਹੁੰਦਾ ਹੈ।

ਖਾਸ ਟ੍ਰਾਂਜ਼ਿਟ ਸੇਵਾਵਾਂ, ਜਿਨ੍ਹਾਂ ਵਿਚ ਹੈਂਡੀਡਾਰਟ ਅਤੇ ਪੈਰਾਟ੍ਰਾਂਜ਼ਿਟ ਸ਼ਾਮਲ ਹਨ, ਬਜ਼ੁਰਗਾਂ ਦੀ ਆਪਣੀਆਂ ਕਮਿਊਨਟੀਆਂ ਵਿਚ ਵੱਧ ਤੋਂ ਵੱਧ ਸੰਭਵ ਸ਼ਮੂਲੀਅਤ ਕਰਨ ਵਿਚ ਇਕ ਵੱਡਾ ਰੋਲ ਨਿਭਾਉਂਦੀਆਂ ਹਨ।

# ਆਵਾਜਾਈ

## ਬਜ਼ੁਰਗਾਂ ਨੂੰ ਬੱਸਾਂ ਦੇ ਕਿਰਾਇਆਂ ਵਿਚ ਛੋਟ

ਲੋਅਰ ਮੇਨਲੈਂਡ ਵਿਚ ਟ੍ਰਾਂਸਲਿੰਕ, ਅਤੇ ਬੀ.ਸੀ. ਦੇ ਹੋਰ ਇਲਾਕਿਆਂ ਵਿਚ ਬੀ ਸੀ ਟ੍ਰਾਂਜ਼ਿਟ ਦੇ ਫੰਡਾਂ ਨਾਲ ਦਿੱਤੀਆਂ ਜਾਣ ਵਾਲੀਆਂ ਬੱਸ ਸੇਵਾਵਾਂ, 65 ਸਾਲ ਜਾਂ ਜ਼ਿਆਦਾ ਉਮਰ ਦੇ ਮੁਸਾਫਰਾਂ ਲਈ ਕਿਰਾਇਆਂ ਵਿਚ ਛੋਟ ਦਿੰਦੀਆਂ ਹਨ। ਤੁਸੀਂ ਇਹ ਛੋਟ ਟਿਕਟ ਖਰੀਦਣ ਵੇਲੇ ਆਪਣਾ ਬੀ.ਸੀ. ਗੋਲਡ ਕੇਅਰਕਾਰਡ ਦਿਖਾ ਕੇ ਲੈਂਦੇ ਹੋ।

| | |
|---|---|
| ਟ੍ਰਾਂਸਲਿੰਕ – ਵੈਨਕੂਵਰ ਦਾ ਇਲਾਕਾ | 604 953-3333 |
| ਵੈੱਬਸਾਈਟ | www.translink.bc.ca |
| ਵਿਕਟੋਰੀਆ ਰੀਜਨਲ ਟ੍ਰਾਂਜ਼ਿਟ ਸਿਸਟਮ | 250 382-6161 |
| ਵੈੱਬਸਾਈਟ | www.busonline.ca/regions/vic |
| ਬੀ ਸੀ ਟ੍ਰਾਂਜ਼ਿਟ–ਬਾਕੀ ਸਾਰੇ ਸੂਬੇ ਵਿਚ | 250 385-2551 |
| ਵੈੱਬਸਾਈਟ | www.busonline.ca |

## ਬੱਸ ਪਾਸ ਪ੍ਰੋਗਰਾਮ

ਬੱਸ ਪਾਸ ਪ੍ਰੋਗਰਾਮ, ਘੱਟ ਆਮਦਨ ਵਾਲੇ ਬਜ਼ੁਰਗਾਂ ਅਤੇ ਅਪਾਹਜ ਵਿਅਕਤੀਆਂ ਨੂੰ ਵਾਰਾ ਖਾਣ ਯੋਗ ਆਵਾਜਾਈ ਪ੍ਰਦਾਨ ਕਰਦਾ ਹੈ। ਹੱਕਦਾਰ ਲੋਕ ਇਕ ਸਾਲ ਲਈ ਪਾਸ 45 ਡਾਲਰ ਵਿਚ ਲੈ ਸਕਦੇ ਹਨ। ਬੱਸ ਪਾਸ, ਬੀ ਸੀ ਟ੍ਰਾਂਜ਼ਿਟ ਅਤੇ ਟ੍ਰਾਂਸਲਿੰਕ ਵਲੋਂ ਦਿੱਤੀਆਂ ਜਾਂਦੀਆਂ ਸੇਵਾਵਾਂ ਵਿਚ ਕੋਈ ਵਾਧੂ ਕਿਰਾਇਆ ਦਿੱਤੇ ਬਿਨਾਂ ਸਫਰ ਕਰਨ ਦੀ ਆਗਿਆ ਦਿੰਦਾ ਹੈ, ਜਿਸ ਵਿਚ ਸਕਾਈਟਰੇਨ ਅਤੇ ਸੀਅਬੱਸ 'ਤੇ ਸਫਰ ਕਰਨਾ ਵੀ ਸ਼ਾਮਲ ਹੈ। ਬੱਸ ਪਾਸ ਹੈਂਡੀਡਾਰਟ ਲਈ ਯੋਗ ਨਹੀਂ ਹੈ।

ਬੱਸ ਪਾਸ ਦੇ ਹੱਕਦਾਰ ਹੋਣ ਲਈ, ਤੁਹਾਡਾ ਸਰਕਾਰੀ ਬੱਸਾਂ ਦੀਆਂ ਸੇਵਾਵਾਂ ਵਾਲੇ ਇਲਾਕੇ ਵਿਚ ਰਹਿੰਦੇ ਹੋਣਾ ਜ਼ਰੂਰੀ ਹੈ ਅਤੇ:

- ਤੁਸੀਂ ਫੈਡਰਲ ਓਲਡ ਏਜ ਸਕਿਉਰਟੀ (ਬੁਢਾਪਾ ਪੈਨਸ਼ਨ) ਅਤੇ ਜਾਂ ਗਰੰਟਿਡ ਇਨਕਮ ਸਪਲੀਮੈਂਟ (ਜੀ ਆਈ ਐੱਸ) ਜਾਂ ਸਪਾਊਜ਼ਜ਼ ਅਲਾਊਂਸ ਲੈਂਦੇ ਹੋਣੇ ਚਾਹੀਦੇ ਹੋ; ਜਾਂ
- ਤੁਸੀਂ ਕੈਨੇਡਾ ਵਿਚ ਰਹਿੰਦੇ ਅਜਿਹੇ ਇਮੀਗਰਾਂਟ ਹੋਣੇ ਚਾਹੀਦੇ ਹੋ ਅਤੇ ਜੋ ਰਿਹਾਇਸ਼ ਦੀਆਂ ਸ਼ਰਤਾਂ ਪੂਰੀਆਂ ਕਰਨ ਤੋਂ ਬਿਨਾਂ ਓਲਡ ਏਜ ਸਕਿਉਰਟੀ (ਬੁਢਾਪਾ ਪੈਨਸ਼ਨ) ਅਤੇ ਜਾਂ ਗਰੰਟਿਡ ਇਨਕਮ ਸਪਲੀਮੈਂਟ (ਜੀ ਆਈ ਐੱਸ) ਜਾਂ ਸਪਾਊਜ਼ਜ਼ ਅਲਾਊਂਸ ਲੈਣ ਦੇ ਹੱਕਦਾਰ ਹੋਵੋ; ਜਾਂ

# ਆਵਾਜਾਈ

- ਤੁਹਾਡੀ ਉਮਰ 60 ਅਤੇ 64 ਸਾਲ ਦੇ ਵਿਚਕਾਰ ਹੋਵੇ ਅਤੇ ਤੁਸੀਂ ਬੀ ਸੀ ਇਮਪਲੌਏਮੈਂਟ ਐਂਡ ਅਸਿਸਟੈਂਸ ਲੈ ਰਹੇ ਹੋਵੋ; ਜਾਂ
- ਤੁਸੀਂ ਅਪਾਹਜ ਵਿਅਕਤੀਆਂ ਨੂੰ ਮਿਲਦੀ ਬੀ ਸੀ ਇਮਪਲੌਏਮੈਂਟ ਐਂਡ ਅਸਿਸਟੈਂਸ ਡਿਸਏਬਿਲਟੀ ਅਸਿਸਟੈਂਸ ਲੈ ਰਹੇ ਹੋਵੋ।

ਬੱਸ ਪਾਸ 1 ਜਨਵਰੀ ਤੋਂ ਲੈ ਕੇ 31 ਦਸੰਬਰ ਤੱਕ ਯੋਗ ਹੁੰਦਾ ਹੈ। ਟੈਲੀਫੋਨ 'ਤੇ ਪੁੱਛ-ਗਿੱਛ ਕਰਨ ਲਈ ਅੱਗੇ ਦਿੱਤੇ ਨੰਬਰਾਂ 'ਤੇ ਸੰਪਰਕ ਕਰੋ।

| | |
|---|---|
| ਟੋਲ ਫਰੀ | 1 888 661-1566 |
| ਗਰੇਟਰ ਵੈਨਕੂਵਰ | 604 682-0391 |
| ਗਰੇਟਰ ਵਿਕਟੋਰੀਆ | 250 387-4331 |

ਜੇ ਤੁਹਾਡਾ ਨਾਂ ਅਤੇ/ਜਾਂ ਐਡਰੈਸ ਬਦਲ ਗਿਆ ਹੈ ਤਾਂ ਉਪਰ ਲਿਖੇ ਨੰਬਰਾਂ 'ਤੇ ਟੈਲੀਫੋਨ ਕਰੋ ਤਾਂ ਜੋ ਤੁਹਾਡੇ ਅਗਲੇ ਸਾਲ ਦਾ ਪਾਸ ਸਹੀ ਐਡਰੈਸ 'ਤੇ ਭੇਜਿਆ ਜਾ ਸਕੇ।

ਵੈੱਬਸਾਈਟ www.eia.gov.bc.ca/programs/other.htm#bp

## ਹੈਂਡੀਡਾਰਟ ਕਸਟਮ ਟ੍ਰਾਂਜ਼ਿਟ

ਹੈਂਡੀਡਾਰਟ ਆਵਾਜਾਈ ਲਈ ਇਕ ਖਾਸ ਸਰਵਿਸ ਹੈ ਅਤੇ ਇਹ ਉਨ੍ਹਾਂ ਅਪਾਹਜ ਵਿਅਕਤੀਆਂ ਲਈ ਹੈ ਜਿਹੜੇ ਤੁਰਨ ਫਿਰਨ ਦੀਆਂ ਸਰੀਰਕ ਸੀਮਾਵਾਂ ਕਰਕੇ ਜਨਤਕ ਆਵਾਜਾਈ ਦੇ ਆਮ ਸਾਧਨਾਂ ਦੀ ਵਰਤੋਂ ਨਹੀਂ ਕਰ ਸਕਦੇ।

ਇਹ ਵਿਸ਼ੇਸ਼ ਟ੍ਰਾਂਜ਼ਿਟ ਸਰਵਿਸ ਖਾਸ ਸਾਜ਼-ਸਾਮਾਨ ਵਾਲੀਆਂ ਗੱਡੀਆਂ ਦੀ ਵਰਤੋਂ ਕਰਦੀ ਹੈ ਅਤੇ ਘਰੋਂ ਚੁੱਕਦੀ ਅਤੇ ਛੱਡਦੀ ਹੈ ਅਤੇ ਸੂਬੇ ਦੇ ਸਾਰੇ ਵੱਡੇ ਸ਼ਹਿਰਾਂ ਦੇ ਨਾਲ ਨਾਲ ਕਈ ਛੋਟੇ ਇਲਾਕਿਆਂ ਵਿਚ ਵੀ ਮੌਜੂਦ ਹੈ।

ਆਵਾਜਾਈ ਦੀਆਂ ਹੋਰ ਖਾਸ ਸੇਵਾਵਾਂ (ਪੈਰਾਟ੍ਰਾਂਜ਼ਿਟ) ਬਹੁਤ ਸਾਰੇ ਛੋਟੇ ਸ਼ਹਿਰਾਂ ਵਿਚ ਬਜ਼ੁਰਗਾਂ, ਅਪਾਹਜ ਵਿਅਕਤੀਆਂ ਅਤੇ ਹੋਰਨਾਂ ਨੂੰ ਦਿੱਤੀਆਂ ਜਾਂਦੀਆਂ ਹਨ। ਬੀ ਸੀ ਬੱਸ ਪਾਸ (ਇਨਕਮ ਸਪਲੀਮੈਂਟ ਲੈਣ ਵਾਲੇ ਲੋਕਾਂ ਲਈ) ਕਸਟਮ ਟ੍ਰਾਂਜ਼ਿਟ ਸਰਵਿਸ ਲਈ ਨਹੀਂ ਵਰਤਿਆ ਜਾ ਸਕਦਾ; ਪਰ ਸੂਬਾਈ ਅਤੇ ਸਥਾਨਕ ਸਬਸਿਡੀਆਂ ਇਨ੍ਹਾਂ ਸੇਵਾਵਾਂ ਦਾ ਖਰਚਾ ਘੱਟ ਰੱਖਣ ਵਿਚ ਮਦਦ ਕਰਦੀਆਂ ਹਨ।

# ਆਵਾਜਾਈ

ਹੋਰ ਜਾਣਕਾਰੀ ਲੈਣ ਲਈ, ਆਪਣੀ ਫੋਨ ਬੁੱਕ ਦੇ ਚਿੱਟੇ ਪੰਨਿਆਂ ’ਤੇ ਦਰਜ ਹੈਂਡੀਡਾਰਟ ਨਾਲ ਸੰਪਰਕ ਕਰੋ, ਜਾਂ ਵੱਖ ਵੱਖ ਸਥਾਨਾਂ ਤੇ ਪਹੁੰਚਯੋਗ ਸੇਵਾਵਾਂ ਬਾਰੇ ਜਾਣਕਾਰੀ ਲੈਣ ਲਈ ਅੱਗੇ ਦਿੱਤੇ ਨੰਬਰਾਂ ਤੇ ਸੰਪਰਕ ਕਰੋ।

ਗਰੇਟਰ ਵੈਨਕੂਵਰ 604 453-4634
ਵੈੱਬਸਾਈਟ
www.translink.bc.ca/Transportation_Services/Accessibility/handydart.asp
ਗਰੇਟਰ ਵਿਕਟੋਰੀਆ 250 727-9607
ਵੈੱਬਸਾਈਟ www.busonline.ca/regions/vic/accessible/handydart.cfm
ਬਾਕੀ ਬੀ.ਸੀ 250 385-2551
ਵੈੱਬਸਾਈਟ www.busonline.ca

## ਟੈਕਸੀ ਸੇਵਰ ਪ੍ਰੋਗਰਾਮ

ਬੀ ਸੀ ਟ੍ਰਾਂਜ਼ਿਟ ਅਤੇ ਟ੍ਰਾਂਸਲਿੰਕ ਵੈਨਕੂਵਰ, ਵਿਕਟੋਰੀਆ ਅਤੇ ਸੂਬੇ ਦੇ ਹੋਰ ਸ਼ਹਿਰਾਂ ਵਿਚ ਰਹਿੰਦੇ ਹੈਂਡੀਡਾਰਟ ਲਈ ਰਜਿਸਟਰ ਵਿਅਕਤੀਆਂ ਨੂੰ ਟੈਕਸੀ ਸੇਵਰ ਪ੍ਰੋਗਰਾਮ ਦਿੰਦਾ ਹੈ। ਇਹ ਸਰਵਿਸ ਟੈਕਸੀ ਦੇ ਖਰਚੇ ’ਤੇ 50 ਫੀਸਦੀ ਸਬਸਿਡੀ ਦਿੰਦੀ ਹੈ। ਮੁਸਾਫਰ ਹਿੱਸਾ ਲੈਣ ਵਾਲੀ ਟੈਕਸੀ ਕੰਪਨੀ ਨਾਲ ਸਿੱਧੀ ਬੁਕਿੰਗ ਕਰਕੇ ਟੈਕਸੀ ’ਤੇ ਜਾਣ ਲਈ ਕੂਪਨਾਂ ਦੀ ਵਰਤੋਂ ਕਰਦੇ ਹਨ ਅਤੇ ਉਨ੍ਹਾਂ ਨੂੰ ਇਸ ਲਈ ਆਪਣੇ ਟਰਿੱਪ ਦੀ ਪਹਿਲਾਂ ਹੀ ਵਿਉਂਤ ਬਣਾਉਣ ਦੀ ਲੋੜ ਨਹੀਂ ਹੈ।

ਟੈਕਸੀ ਸੇਵਰ ਕੂਪਨ ਹੈਂਡੀਡਾਰਟ ਦੇ ਸਥਾਨਕ ਦਫਤਰਾਂ ਤੋਂ ਕੋਈ ਵੀ ਉਹ ਬਾਲਗ ਖਰੀਦ ਸਕਦਾ ਹੈ ਜਿਸ ਕੋਲ ਬੀ ਸੀ ਟ੍ਰਾਂਜ਼ਿਟ ਹੈਂਡੀਪਾਸ ਜਾਂ ਟ੍ਰਾਂਸਲਿੰਕ ਹੈਂਡੀਕਾਰਡ ਹੈ, ਜੋ ਕਿ ਹੈਂਡੀਡਾਰਟ ਨਾਲ ਪੱਕੇ ਤੌਰ ’ਤੇ ਰਜਿਸਟਰ ਕਿਸੇ ਵੀ ਵਿਅਕਤੀ ਨੂੰ ਮਿਲ ਸਕਦੇ ਹਨ।

ਹੋਰ ਜਾਣਕਾਰੀ ਲੈਣ ਲਈ ਆਪਣੇ ਸਥਾਨਕ ਹੈਂਡੀਡਾਰਟ ਓਪਰੇਟਰ ਨਾਲ ਸੰਪਰਕ ਕਰੋ ਜਾਂ ਅੱਗੇ ਦਿੱਤੇ ਨੰਬਰਾਂ ’ਤੇ ਫੋਨ ਕਰੋ।

ਗਰੇਟਰ ਵੈਨਕੂਵਰ 604 453-4634
ਵੈੱਬਸਾਈਟ www.translink.bc.ca/
Transportation_Services/Accessibility/HandyCARD_TaxiSaver.asp
ਗਰੇਟਰ ਵਿਕਟੋਰੀਆ 250 385-2551
ਵੈੱਬਸਾਈਟ www.busonline.ca/regions/vic/accssible/taxi_saver.cfm

# ਆਵਾਜਾਈ

ਬਾਕੀ ਬੀ ਸੀ 250 385-2551
ਵੈੱਬਸਾਈਟ www.busonline.ca

## ਕਮਿਉਨਟੀ ਟਰੈਵਲ ਟਰੇਨਿੰਗ ਪ੍ਰੋਗਰਾਮ – ਵਿਕਟੋਰੀਆ

ਕਮਿਉਨਟੀ ਟਰੈਵਲ ਟਰੇਨਿੰਗ ਪ੍ਰੋਗਰਾਮ ਇਕ ਮੁਫਤ ਸਰਵਿਸ ਹੈ ਜਿਹੜੀ ਗਰੇਟਰ ਵਿਕਟੋਰੀਆ ਇਲਾਕੇ ਦੇ ਉਨ੍ਹਾਂ ਬਜ਼ੁਰਗਾਂ ਅਤੇ ਅਪਾਹਜ ਵਿਅਕਤੀਆਂ ਨੂੰ ਟਰੇਨਿੰਗ ਪ੍ਰਦਾਨ ਕਰਦੀ ਹੈ ਜਿਹੜੇ ਸਾਡੀ ਆਮ ਬੱਸ ਸਰਵਿਸ ਦੀ ਵਰਤੋਂ ਕਰਨਾ ਚਾਹੁੰਦੇ ਹਨ।

ਟਰੈਵਲ ਟਰੇਨਰਾਂ ਕੋਲ ਬੱਸ ਸਿਸਟਮ ਦੀ ਡੂੰਘੀ ਜਾਣਕਾਰੀ ਹੁੰਦੀ ਹੈ ਅਤੇ ਉਹ ਬਜ਼ੁਰਗਾਂ ਅਤੇ ਅਪਾਹਜ ਵਿਅਕਤੀਆਂ ਨੂੰ ਦਰਪੇਸ਼ ਮਸਲਿਆਂ ਤੋਂ ਜਾਣੂ ਹੁੰਦੇ ਹਨ। ਉਨ੍ਹਾਂ ਕੋਲ ਸਹਾਇਤਾਕਾਰੀ ਯੰਤਰਾਂ, ਤੁਰਨ ਫਿਰਨ ਵਿਚ ਮਦਦ ਕਰਨ ਵਾਲੀਆਂ ਚੀਜ਼ਾਂ ਅਤੇ ਖਾਸ ਲੋੜਾਂ ਦਾ ਤਜਰਬਾ ਹੁੰਦਾ ਹੈ ਅਤੇ ਉਹ ਤੁਹਾਡੇ ਨਾਲ ਅਤੇ ਤੁਹਾਡੀ ਸੰਭਾਲ ਕਰਨ ਵਾਲੇ ਵਿਅਕਤੀ ਜਾਂ ਪਰਿਵਾਰ ਦੇ ਮੈਂਬਰ ਨਾਲ ਰਲ ਕੇ ਕੰਮ ਕਰਦੇ ਹਨ। ਟਰੇਨਿੰਗ ਮੁਫਤ ਹੈ ਅਤੇ ਇਹ ਪੱਕਾ ਕਰਨ ਲਈ ਪੈਰਵੀ ਕੀਤੀ ਜਾਂਦੀ ਹੈ ਕਿ ਤੁਸੀਂ ਬੱਸਾਂ ਦੇ ਸਿਸਟਮ ਦੀ ਵਰਤੋਂ ਕਰਕੇ ਆਰਾਮਦੇਹ ਮਹਿਸੂਸ ਕਰ ਰਹੇ ਹੋ।
ਗਰੇਟਰ ਵਿਕਟੋਰੀਆ 250 384-7723

## ਫੈਰੀ ਕਿਰਾਏ – ਬੀ ਸੀ ਫੈਰੀਜ਼

ਬੀ ਸੀ ਗੋਲਡ ਕਾਰਡ ਨਾਲ ਬੀ. ਸੀ. ਦੇ ਬਜ਼ੁਰਗ ਛੁੱਟੀ ਵਾਲੇ ਦਿਨ ਨੂੰ ਛੱਡ ਕੇ, ਸੋਮਵਾਰ ਤੋਂ ਵੀਰਵਾਰ ਤੱਕ ਸਾਉਦਰਨ ਰੂਟਾਂ ’ਤੇ ਮੁਫਤ ਸਫਰ ਕਰਦੇ ਹਨ। ਇਹ ਸਿਰਫ ਸਵਾਰੀਆਂ ਦੇ ਕਿਰਾਏ ’ਤੇ ਹੀ ਲਾਗੂ ਹੁੰਦਾ ਹੈ। ਇਨਸਾਈਡ ਪੈਸੇਜ, ਮਿੱਡ ਕੋਸਟ, ਕੁਈਨ ਛਾਰਲੈਟ ਆਈਲੈਂਡਜ਼ ਅਤੇ ਡਿਸਕਵਰੀ ਕੋਸਟ ਪੈਸੇਜ ਰੂਟਾਂ ਲਈ ਬੀ.ਸੀ. ਦੇ ਬਜ਼ੁਰਗਾਂ ਲਈ ਕਿਰਾਇਆਂ ਵਿਚ ਖਾਸ ਰਿਆਇਤ ਮੌਜੂਦ ਹੈ। ਜ਼ਿਆਦਾ ਜਾਣਕਾਰੀ ਲਈ ਅੱਗੇ ਦਿੱਤੇ ਨੰਬਰ ’ਤੇ ਸੰਪਰਕ ਕਰੋ।
ਟੋਲ ਫਰੀ 1 888 223-3779
ਵੈੱਬਸਾਈਟ www.bcferries.com

## ਇਨਲੈਂਡ ਫੈਰੀਆਂ

ਮਨਿਸਟਰੀ ਆਫ ਟਰਾਂਸਪੋਰਟੇਸ਼ਨ ਦੇ ਠੇਕੇ ਅਧੀਨ ਚਲਦੀਆਂ ਇਨਲੈਂਡ ਫੈਰੀਆਂ ਜਨਤਾ ਲਈ ਮੁਫਤ

# ਆਵਾਜਾਈ

ਉਪਲਬਧ ਹਨ। ਇਨ੍ਹਾਂ ਵਿਚ ਸਵਾਰੀਆਂ ਅਤੇ ਗੱਡੀਆਂ ਸ਼ਾਮਲ ਹਨ। ਰੂਟਾਂ ਅਤੇ ਸਮਾਂ-ਸੂਚੀ ਦੀ ਜਾਣਕਾਰੀ, ਨਿੱਜੀ ਰੂਟਾਂ ਲਈ ਟੈਲੀਫੋਨ ਨੰਬਰ ਮਨਿਸਟਰੀ ਦੇ ਵੈੱਬਸਾਈਟ 'ਤੇ ਦੇਖੇ ਜਾ ਸਕਦੇ ਹਨ।

ਵੈੱਬਸਾਈਟ www.th.gov.bc.ca/bchighways/inlandferryschedule/ferryschedule.htm

ਜਾਣਕਾਰੀ ਮਨਿਸਟਰੀ ਆਫ ਟ੍ਰਾਂਸਪੋਰਟੇਸ਼ਨਜ਼ ਦੀ ਮਾਰੀਨ ਬਰਾਂਚ ਤੋਂ ਵੀ ਮਿਲਦੀ ਹੈ।

ਵਿਕਟੋਰੀਆ 250 387-7585

## ਬਜ਼ੁਰਗਾਂ ਨੂੰ ਗੱਡੀਆਂ ਦੀ ਇਨਸ਼ੋਰੈਂਸ ਵਿਚ ਰਿਆਇਤ (ਡਿਸਕਾਊਂਟ)

ਜੇ ਤੁਸੀਂ 65 ਸਾਲ ਜਾਂ ਉਸ ਤੋਂ ਵੱਧ ਉਮਰ ਦੇ ਹੋ, ਅਤੇ ਤੁਹਾਡੀ ਗੱਡੀ ਦਾ ਮੁੱਖ ਡਰਾਇਵਰ ਵੀ 65 ਸਾਲ ਜਾਂ ਉਸ ਤੋਂ ਵੱਧ ਉਮਰ ਦਾ ਹੈ ਅਤੇ ਤੁਹਾਡੀ ਗੱਡੀ ਸਿਰਫ ਆਨੰਦ ਲਈ ਹੀ ਚਲਾਈ ਜਾਂਦੀ ਹੈ ਤਾਂ ਤੁਸੀਂ ਆਪਣੇ ਮੁਢਲੇ ਆਟੋਪਲੈਨ ਇਨਸ਼ੋਰੈਂਸ ਪ੍ਰੀਮੀਅਮ ਵਿੱਚੋਂ 25 ਫੀਸਦੀ ਦਾ ਡਿਸਕਾਊਂਟ ਲੈਣ ਦੇ ਹੱਕਦਾਰ ਹੋ ਸਕਦੇ ਹੋ। ਜੇ ਤੁਸੀਂ 65 ਸਾਲ ਜਾਂ ਉਸ ਤੋਂ ਵੱਧ ਉਮਰ ਦੇ ਹੋ ਅਤੇ ਕਿਸੇ ਤਰ੍ਹਾਂ ਦੇ ਅਪਾਹਜ ਵੀ ਹੋ ਤਾਂ ਤੁਸੀਂ ਆਪਣੇ ਮੁਢਲੇ ਆਟੋਪਲੈਨ ਇਨਸ਼ੋਰੈਂਸ ਪ੍ਰੀਮੀਅਮ ਵਿਚ 25 ਫੀਸਦੀ ਦਾ ਹੋਰ ਡਿਸਕਾਊਂਟ ਲੈਣ ਦੇ ਹੱਕਦਾਰ ਹੋ ਸਕਦੇ ਹੋ।

ਇਨ੍ਹਾਂ ਡਿਸਕਾਊਂਟਾਂ ਬਾਰੇ ਹੋਰ ਜਾਣਕਾਰੀ ਲੈਣ ਲਈ, ਆਈ ਸੀ ਬੀ ਸੀ ਨਾਲ ਸੰਪਰਕ ਕਰੋ।

| | |
|---|---|
| ਟੋਲ ਫਰੀ | 1 800 663-3051 |
| ਗਰੇਟਰ ਵੈਨਕੂਵਰ | 604 661-2800 |
| ਵੈੱਬਸਾਈਟ | www.icbc.com |

ਜਾਂ ਆਪਣੇ ਆਟੋਪਲੈਨ ਬਰੋਕਰ ਨਾਲ ਸੰਪਰਕ ਕਰੋ।

## ਡਰਾਇਵਰ ਲਾਇਸੈਂਸ

ਜੇ ਤੁਸੀਂ 65 ਸਾਲ ਦੇ ਜਾਂ ਵੱਧ ਉਮਰ ਦੇ ਹੋ ਤਾਂ ਤੁਹਾਡੇ ਲਈ ਆਈ ਸੀ ਬੀ ਸੀ ਡਰਾਇਵਰ ਸਰਵਿਸ ਸੈਂਟਰਾਂ ਵਲੋਂ ਦਿੱਤੀਆਂ ਜਾਂਦੀਆਂ ਕੁੱਝ ਸੇਵਾਵਾਂ ਦੀਆਂ ਫੀਸਾਂ ਘੱਟ ਹਨ ਜਾਂ ਕੁੱਝ ਸੇਵਾਵਾਂ ਮੁਫਤ ਦਿੱਤੀਆਂ ਜਾਂਦੀਆਂ ਹਨ।

ਘੱਟ ਫੀਸਾਂ ਇਨ੍ਹਾਂ 'ਤੇ ਲਾਗੂ ਹੁੰਦੀਆਂ ਹਨ:

# ਆਵਾਜਾਈ

- ਡਰਾਇਵਰ ਲਾਇਸੈਂਸ ਨੂੰ ਨਵਿਆਉਣਾ
- ਬ੍ਰਿਟਿਸ਼ ਕੋਲੰਬੀਆ ਦਾ ਮੁਢਲਾ ਆਇਡੈਂਟੀਫਿਕੇਸ਼ਨ ਕਾਰਡ

ਮੁਫਤ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਵਿਚ ਸ਼ਾਮਲ ਹਨ:

- ਬ੍ਰਿਟਿਸ਼ ਕੋਲੰਬੀਆ ਦਾ ਆਇਡੈਂਟੀਫਿਕੇਸ਼ਨ ਕਾਰਡ, ਜੇ ਤੁਸੀਂ ਡਰਾਇਵਿੰਗ ਕਰਨੀ ਬੰਦ ਕਰਨ ਲੱਗੇ ਹੋ ਅਤੇ ਆਪਣਾ ਡਰਾਇਵਰ ਲਾਇਸੈਂਸ ਵਾਪਸ ਦੇਣ ਲੱਗੇ ਹੋ; ਅਤੇ
- ਡਰਾਇਵਰਾਂ ਦੇ ਗਿਆਨ ਦੇ ਇਮਤਿਹਾਨ ਅਤੇ ਰੋਡ ਟੈਸਟ

ਹੋਰ ਜਾਣਕਾਰੀ ਲਈ, ਆਈ ਸੀ ਬੀ ਸੀ ਨਾਲ ਸੰਪਰਕ ਕਰੋ।

| | |
|---|---|
| ਟੋਲ ਫਰੀ | 1 800 950-1498 |
| ਗਰੇਟਰ ਵਿਕਟੋਰੀਆ | 250 978-8300 |
| ਵੈੱਬਸਾਈਟ | www.icbc.com |

## ਡਰਾਇਵਰ ਇਮਤਿਹਾਨ ਅਤੇ ਮੈਡੀਕਲ ਰਿਪੋਰਟਾਂ

80 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਸਾਰੇ ਡਰਾਇਵਰਾਂ ਲਈ ਹਰ 2 ਸਾਲਾਂ ਬਾਅਦ ਮੋਟਰ ਵਹੀਕਲ ਸੁਪਰਡੈਂਟ ਦੇ ਦਫਤਰ ਨੂੰ ਮੈਡੀਕਲ ਰਿਪੋਰਟ ਭੇਜਣੀ ਜ਼ਰੂਰੀ ਹੈ। ਮੈਡੀਕਲ ਮੁਆਇਨੇ ਲਈ ਰਿਪੋਰਟ ਫਾਰਮ ਤੁਹਾਨੂੰ ਡਾਕ ਰਾਹੀਂ ਭੇਜਿਆ ਜਾਵੇਗਾ, ਜਿਹੜਾ ਕਿ ਤੁਹਾਨੂੰ ਆਪਣੇ ਡਾਕਟਰ ਕੋਲ ਲੈ ਕੇ ਜਾਣਾ ਚਾਹੀਦਾ ਹੈ।

ਮੈਡੀਕਲ ਮੁਆਇਨੇ ਦੀ ਸ਼ਰਤ ਕਿਉਂਕਿ ਲਾਇਸੈਂਸ ਲੈਣ ਨਾਲ ਸੰਬੰਧਤ ਹੈ ਨਾ ਕਿ ਇਕ ਲੋੜੀਂਦੀ ਮੈਡੀਕਲ ਸੇਵਾ, ਇਸ ਲਈ ਇਹ ਮੈਡੀਕਲ ਸਰਵਿਸਜ਼ ਪਲੈਨ ਅਧੀਨ ਨਹੀਂ ਆਉਂਦੀ ਅਤੇ ਤੁਹਾਡਾ ਡਾਕਟਰ ਇਸ ਲਈ ਤੁਹਾਡੇ ਕੋਲੋਂ ਫੀਸ ਲੈ ਸਕਦਾ ਹੈ।

ਜੇ ਰਿਪੋਰਟ ਇਹ ਦਰਸਾਉਂਦੀ ਹੋਵੇ ਕਿ ਤੁਸੀਂ ਸੁਰੱਖਿਅਤ ਢੰਗ ਨਾਲ ਗੱਡੀ ਚਲਾਉਣ ਲਈ ਡਾਕਟਰੀ ਤੌਰ ਤੇ ਠੀਕ ਹੋ, ਤਾਂ ਬਹੁਤੇ ਕੇਸਾਂ ਵਿਚ ਇਸ ਤੋਂ ਅੱਗੇ ਹੋਰ ਕੋਈ ਕਦਮ ਨਹੀਂ ਚੁੱਕਿਆ ਜਾਂਦਾ। ਜੇ ਰਿਪੋਰਟ ਵਿਚ ਇਸ ਤੋਂ ਵੱਖਰਾ ਦੱਸਿਆ ਗਿਆ ਹੋਵੇ ਤਾਂ ਡਰਾਇਵਰੀ ਦਾ ਦੁਬਾਰਾ ਇਮਤਿਹਾਨ ਦੇਣ ਜਾਂ ਹੋਰ ਡਾਕਟਰੀ ਜਾਣਕਾਰੀ ਦੇਣ ਦੀ ਲੋੜ ਪੈ ਸਕਦੀ ਹੈ।

ਡਰਾਇਵਰੀ ਦੇ ਦੁਬਾਰਾ ਇਮਤਿਹਾਨ ਵਿਚ ਅੱਖਾਂ ਦੇ ਟੈੱਸਟ, ਟ੍ਰੈਫਿਕ ਦੇ ਨਿਸ਼ਾਨਾਂ ਅਤੇ ਸਿਗਨਲਾਂ ਦਾ ਇਮਤਿਹਾਨ ਅਤੇ ਰੋਡ ਟੈਸਟ ਸ਼ਾਮਲ ਹੁੰਦੇ ਹਨ।

# ਆਵਾਜਾਈ

ਡਰਾਇਵਰੀ ਦੇ ਲਾਇਸੈਂਸ ਅਤੇ ਇਮਤਿਹਾਨਾਂ ਬਾਰੇ ਹੋਰ ਜਾਣਕਾਰੀ ਲੈਣ ਲਈ ਆਈ ਸੀ ਬੀ ਸੀ ਨਾਲ ਸੰਪਰਕ ਕਰੋ।

| | |
|---|---|
| ਟੋਲ ਫਰੀ | 1 800 950-1498 |
| ਗਰੇਟਰ ਵਿਕਟੋਰੀਆ | 250 978-8300 |
| ਵੈੱਬਸਾਈਟ | www.icbc.com |

ਡਰਾਇਵਰੀ ਲਈ ਮੈਡੀਕਲ ਮੁਆਇਨੇ ਦੇ ਫਾਰਮਾਂ ਬਾਰੇ ਜਾਂ ਡਰਾਇਵਰੀ ਲਈ ਮੈਡੀਕਲ ਸ਼ਰਤਾਂ ਬਾਰੇ ਹੋਰ ਜਾਣਕਾਰੀ ਲੈਣ ਲਈ ਮੋਟਰ ਵਹੀਕਲਜ਼ ਦੇ ਸੁਪਰਡੈਂਟ ਦੇ ਦਫਤਰ ਨਾਲ ਸੰਪਰਕ ਕਰੋ।

| | |
|---|---|
| ਵਿਕਟੋਰੀਆ | 250 387-7747 |
| ਵੈੱਬਸਾਈਟ | www.pssg.gov.bc.ca/osmv/index.htm |

## ਸਾਬਕਾ ਫੌਜੀਆਂ ਲਈ ਲਾਇਸੰਸ ਪਲੇਟਾਂ

ਉਨ੍ਹਾਂ ਸਾਬਕਾ ਫੌਜੀਆਂ ਲਈ ਖਾਸ ਲਾਇਸੰਸ ਪਲੇਟਾਂ ਮੌਜੂਦ ਹਨ ਜਿਨ੍ਹਾਂ ਨੇ:

- ਲੜਾਈ ਦੌਰਾਨ ਨੌਕਰੀ ਕੀਤੀ ਹੈ;
- ਲੜਾਈ ਤੋਂ ਬਾਅਦ ਨੌਕਰੀ ਕੀਤੀ ਹੈ; ਜਾਂ
- ਨਾਟੋ ਜਾਂ ਯੂ ਐੱਨ ਓਪਰੇਸ਼ਨ ਦੌਰਾਨ ਨੌਕਰੀ ਕੀਤੀ ਹੈ, ਜਿਸ ਵਿਚ ਆਰ ਸੀ ਐੱਮ ਪੀ ਅਤੇ ਮਿਊਂਸਪਲ ਪੁਲੀਸ ਦੇ ਮੈਂਬਰ ਵੀ ਸ਼ਾਮਲ ਹਨ।

ਵੈਟਰਨ ਸਪੈਸ਼ਿਲਟੀ ਪਲੇਟ ਲਈ ਅਪਲਾਈ ਕਰਨ ਲਈ, ਆਈ ਸੀ ਬੀ ਸੀ ਦੇ ਵੈੱਬਸਾਈਟ ਤੋਂ ਐਪਲੀਕੇਸ਼ਨ ਫਾਰਮ ਛਾਪੋ ਜਾਂ ਆਪਣੇ ਆਟੋਪਲੈਨ ਬਰੋਕਰ ਤੋਂ ਇਸ ਦੀ ਕਾਪੀ ਲਵੋ।

| | |
|---|---|
| ਵੈੱਬਸਾਈਟ | www.icbc.com/vetplate.html |

ਆਪਣੀ ਯੋਗਤਾ ਨੂੰ ਮਨਜ਼ੂਰ ਕਰਵਾਉਣ ਲਈ ਅੱਗੇ ਦਿੱਤੀਆਂ ਸੰਸਥਾਵਾਂ ਵਿੱਚੋਂ ਕਿਸੇ ਇਕ ਦੀ ਚੋਣ ਕਰੋ।

| | |
|---|---|
| ਬ੍ਰਿਟਿਸ਼ ਕੋਲੰਬੀਆ ਵੈਟਰਨਜ਼ ਕੁਮੈਮੋਰੇਟਿਵ ਐਸੋਸੀਏਸ਼ਨ | 604 876-2838 |
| ਵੈੱਬਸਾਈਟ | www.geocities.com/bcvca |

| | |
|---|---|
| ਬੀ ਸੀ/ਯੂਕੋਨ ਕਮਾਂਡ, ਰੌਇਲ ਕੈਨੇਡੀਅਨ ਲੀਜਨ | 604 736-8166 |
| ਵੈੱਬਸਾਈਟ | www.pacificlegion.org |

# ਆਵਾਜਾਈ

| | |
|---|---|
| ਕੈਨੇਡੀਅਨ ਪੀਸਕੀਪਿੰਗ ਵੈਟਰਨਜ਼ ਐਸੋਸੀਏਸ਼ਨ | 250 391-1568 |
| ਵੈੱਬਸਾਈਟ | www.cpva.ca |

ਅਰਜ਼ੀ ਕਰਨ ਬਾਰੇ ਜਾਂ ਹੱਕਦਾਰੀ ਦੀਆਂ ਸ਼ਰਤਾਂ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ ਕਿਰਪਾ ਕਰਕੇ ਆਪਣੀ ਪਸੰਦ ਦੀ ਸੰਸਥਾ ਨਾਲ ਸੰਪਰਕ ਕਰੋ।

## ਐਲਡਰਜ਼ ਟ੍ਰਾਂਸਪੋਰਟੇਸ਼ਨ ਪ੍ਰੋਗਰਾਮ

ਐਲਡਰਜ਼ ਟ੍ਰਾਂਸਪੋਰਟੇਸ਼ਨ ਪ੍ਰੋਗਰਾਮ ਉਨ੍ਹਾਂ ਐਬਰਿਜਨਲ ਬਜ਼ੁਰਗਾਂ ਦੀ ਮਦਦ ਕਰਦਾ ਹੈ ਜਿਹੜੇ ਐਬਰਿਜਨਲ ਸਭਿਆਚਾਰ ਅਤੇ ਮੌਖਿਕ ਰਵਾਇਤਾਂ ਨੂੰ ਸਾਂਝਾ ਕਰਨਾ ਚਾਹੁੰਦੇ ਹਨ ਅਤੇ ਇਨ੍ਹਾਂ ਦਾ ਜਸ਼ਨ ਮਨਾਉਣਾ ਚਾਹੁੰਦੇ ਹਨ। ਵਿਰਾਸਤੀ, ਸਭਿਆਚਾਰਕ ਅਤੇ ਸਿਖਿਆਦਾਇਕ ਵਰਕਸ਼ਾਪਾਂ ਅਤੇ ਕਾਨਫਰੰਸਾਂ ਲਈ ਸਫਰ ਕਰਨ ਵਾਲੇ ਬਜ਼ੁਰਗ ਆਪਣੇ ਆਵਾਜਾਈ ਨਾਲ ਸੰਬੰਧਿਤ ਖਰਚਿਆਂ ਲਈ 1,000 ਡਾਲਰ ਤੱਕ ਦੇ ਫੰਡ ਲੈਣ ਲਈ ਅਪਲਾਈ ਕਰ ਸਕਦੇ ਹਨ। ਬ੍ਰਿਟਿਸ਼ ਕੋਲੰਬੀਆ ਵਿਚ ਇਕ ਪਾਸੇ ਦਾ 200 ਕਿਲੋਮੀਟਰ ਨਾਲੋਂ ਜ਼ਿਆਦਾ ਫਾਸਲੇ ਦਾ ਸਫਰ ਇਸ ਫੰਡ ਲਈ ਹੱਕਦਾਰ ਹੋ ਸਕਦਾ ਹੈ। ਅਰਜ਼ੀਆਂ ਹਰ ਸਾਲ 1 ਅਪਰੈਲ ਤੋਂ ਲੈ ਕੇ 35 ਮਈ ਤੱਕ ਲਈਆਂ ਜਾਂਦੀਆਂ ਹਨ।

ਜ਼ਿਆਦਾ ਜਾਣਕਾਰੀ ਲਈ, ਬੀ.ਸੀ. ਐਸੋਸੀਏਸ਼ਨ ਆਫ ਐਬਰਿਜਨਲ ਫਰਿੰਡਸ਼ਿਪ ਸੈਂਟਰਜ਼ ਨਾਲ ਸੰਪਰਕ ਕਰੋ।

| | |
|---|---|
| ਟੋਲ ਫਰੀ | 1 800 990-2432 |
| ਗਰੇਟਰ ਵਿਕਟੋਰੀਆ | 250 388-5522 |
| ਵੈੱਬਸਾਈਟ | www.bcaafc.com/programs/provincial/elders.html |
| ਈਮੇਲ | info@bcaafc.com |

B.C. Association of Aboriginal Friendship Centres
200 – 506 Fort Street
Victoria, B.C. V8W 1E6

ਨੋਟ



# ਵਿੱਤੀ ਮਾਮਲੇ

ਬਜ਼ੁਰਗਾਂ ਦੀ ਤੰਦਰੁਸਤ ਰਹਿਣ ਵਿਚ ਮਦਦ ਕਰਨਾ

# ਬਜ਼ੁਰਗਾਂ ਲਈ ਸੇਵਾਵਾਂ


**ਵਿੱਤੀ ਮਾਮਲੇ** **53**

ਬਜ਼ੁਰਗਾਂ ਦੇ ਗੁਜ਼ਾਰੇ ਵਿਚ ਉਨ੍ਹਾਂ ਦੀ ਮਦਦ ਕਰਨਾ 53

**ਫੈਡਰਲ ਪ੍ਰੋਗਰਾਮ** 54

ਆਮਦਨ ਸੁਰੱਖਿਆ – ਪੈਨਸ਼ਨਾਂ 54

ਓਲਡ ਏਜ ਸਕਿਉਰਟੀ ਪੈਨਸ਼ਨ 54

ਗਾਰੰਟਿਡ ਇਨਕਮ ਸਪਲੀਮੈਂਟ 54

ਅਲਾਊਂਸ/ਅਲਾਊਂਸ ਫਾਰ ਦਾ ਸਰਵਾਈਵਰ 55

ਕੈਨੇਡਾ ਪੈਨਸ਼ਨ ਪਲੈਨ 55

ਇਮਪਲੌਏਮੈਂਟ ਇਨਸ਼ੋਰੈਂਸ ਬੈਨੇਫਿਟਸ 56

ਵੈਟਰਨਜ਼ ਅਫੇਅਰਜ਼ ਕੈਨੇਡਾ 57

ਫੈਡਰਲ ਨੌਨ-ਰੀਫੰਡੇਬਲ ਟੈਕਸ ਕਰੈਡਿਟ 57

ਉਮਰ ਮੁਤਾਬਕ ਰਕਮ 57

ਪੈਨਸ਼ਨ ਦੀ ਆਮਦਨ 58

ਪਤਨੀ/ਪਤੀ ਤੋਂ ਤਬਾਦਲਾ ਕੀਤੀਆਂ ਰਕਮਾਂ 58

ਹੋਰ ਰਕਮਾਂ 58

ਗੁੱਡਜ਼ ਐਂਡ ਸਰਵਿਸਿਜ਼ ਟੈਕਸ ਕਰੈਡਿਟ 58

**ਸੂਬਾਈ ਪ੍ਰੋਗਰਾਮ** 59

ਸੀਨੀਅਰਜ਼ ਸਪਲੀਮੈਂਟ 59

ਬ੍ਰਿਟਿਸ਼ ਕੋਲੰਬੀਆ ਸੇਲਜ਼ ਟੈਕਸ ਕਰੈਡਿਟ 59

ਜਿਨ੍ਹਾਂ ਬਜ਼ੁਰਗਾਂ ਨੂੰ ਓਲਡ ਏਜ ਸਕਿਉਰਟੀ ਨਹੀਂ ਮਿਲਦੀ ਉਨ੍ਹਾਂ ਲਈ ਆਮਦਨ ਸਹਾਇਤਾ 60



# ਵਿੱਤੀ ਮਾਮਲੇ

## *ਬਜ਼ੁਰਗਾਂ ਦੇ ਗੁਜ਼ਾਰੇ ਵਿਚ ਉਨ੍ਹਾਂ ਦੀ ਮਦਦ ਕਰਨਾ*

ਭਾਵੇਂ ਕਿ ਬਹੁਤ ਸਾਰੇ ਬਜ਼ੁਰਗ ਮਾਇਕ ਤੌਰ ’ਤੇ ਠੀਕ ਠਾਕ ਹਨ, ਪਰ ਹੋਰਨਾਂ ਨੂੰ ਆਪਣੇ ਗੁਜ਼ਾਰੇ ਲਈ ਮਦਦ ਦੀ ਲੋੜ ਹੁੰਦੀ ਹੈ। ਬੀ.ਸੀ. ਦੀ ਸਰਕਾਰ ਬਜ਼ੁਰਗਾਂ ਲਈ ਕੈਨੇਡਾ ਵਿਚ ਮਦਦ ਦਾ ਸੱਭ ਤੋਂ ਬਿਹਤਰ ਸਿਸਟਮ ਪ੍ਰਦਾਨ ਕਰਨ ਲਈ ਵਚਨਬੱਧ ਹੈ। ਹੁਣ ਜਦ ਕਿ ਸੂਬੇ ਦੀ ਆਰਥਿਕਤਾ ਪੱਕੇ ਪੈਰਾਂ ’ਤੇ ਹੈ, ਸੂਬੇ ਦੀ ਸਰਕਾਰ ਦੀਆਂ ਪਹਿਲੀਆਂ ਤਰਜੀਹਾਂ ਵਿੱਚੋਂ ਇਕ ਇਹ ਪੱਕਾ ਕਰਨਾ ਹੈ ਕਿ ਘੱਟ ਆਮਦਨ ਵਾਲੇ ਬਜ਼ੁਰਗਾਂ ਨੂੰ ਸੱਭ ਤੋਂ ਪਹਿਲਾਂ ਫਾਇਦਾ ਹੋਵੇ।

ਇਸ ਕਰਕੇ ਹੀ ਸੂਬੇ ਦੀ ਸਰਕਾਰ ਨੇ ਹੱਕਦਾਰ ਬਜ਼ੁਰਗਾਂ ਲਈ ਹਰ ਮਹੀਨੇ ਤਕਰੀਬਨ 50 ਡਾਲਰ ਦੇ ਸੀਨੀਅਰਜ਼ ਸਪਲੀਮੈਂਟ ਨੂੰ ਮੁੜ ਤੋਂ ਬਹਾਲ ਕਰ ਦਿੱਤਾ ਹੈ। ਇਸ ਤਬਦੀਲੀ ਨਾਲ ਤਕਰੀਬਨ 40,000 ਬਜ਼ੁਰਗਾਂ ਨੂੰ ਫਾਇਦਾ ਹੋਇਆ ਹੈ।

ਸੂਬੇ ਦੀ ਸਰਕਾਰ ਘੱਟ ਆਮਦਨ ਵਾਲੇ ਬਜ਼ੁਰਗਾਂ ਦੀ ਸਲਾਨਾ ਸੇਲਜ਼ ਟੈਕਸ ਕਰੈਡਿਟ ਰਾਹੀਂ ਵੀ ਮਦਦ ਕਰਦੀ ਹੈ ਅਤੇ ਆਪਣੇ ਘਰਾਂ ਦੀ ਮਲਕੀਅਤ ਵਾਲੇ ਸਾਰੇ ਬਜ਼ੁਰਗ, ਵਧੀ ਹੋਈ ਹੋਮਓਨਰ ਗਰਾਂਟ ਦੇ ਹੱਕਦਾਰ ਹਨ, ਜੋ ਕਿ ਪ੍ਰਾਪਰਟੀ ਟੈਕਸਾਂ ਦਾ ਖਰਚਾ ਘਟਾਉਂਦੀ ਹੈ ਅਤੇ ਬਜ਼ੁਰਗਾਂ ਦੀ ਆਜ਼ਾਦ ਰਹਿਣ ਵਿਚ ਮਦਦ ਕਰਦੀ ਹੈ।

ਪਤਝੜ 2005 ਬੱਜਟ ਅੱਪਡੇਟ ਵਿਚ ਬਜ਼ੁਰਗਾਂ ਲਈ ਐਲਾਨੇ ਗਏ ਉੱਦਮਾਂ ਵਿਚ ਸੇਫਰ ਪ੍ਰੋਗਰਾਮ ਲਈ ਕਿਰਾਏ ਦੀਆਂ ਹੱਦਾਂ ਵਧਾਉਣਾ ਅਤੇ ਮੈਨੂਫੈਕਚਰਡ ਘਰਾਂ ਦੇ ਮਾਲਕਾਂ ਨੂੰ ਵੀ ਇਸ ਦੇ ਘੇਰੇ ਅੰਦਰ ਲਿਆਉਣਾ (ਜ਼ਿਆਦਾ ਜਾਣਕਾਰੀ ਲਈ ਇਸ ਗਾਈਡ ਦਾ ਰਿਹਾਇਸ਼ਾਂ ਵਾਲਾ ਭਾਗ ਦੇਖੋ), ਅਤੇ ਬਜ਼ੁਰਗਾਂ ਲਈ ਸਿਹਤ ਸੰਭਾਲ ਦੀਆਂ ਸੇਵਾਵਾਂ ਨੂੰ ਮਜ਼ਬੂਤ ਕਰਨ ਅਤੇ ਨਵਿਆਉਣ ਲਈ ਵਾਧੂ ਫੰਡ ਦੇਣਾ ਸ਼ਾਮਲ ਹਨ।

# ਵਿੱਤੀ ਮਾਮਲੇ

## ਫੈਡਰਲ ਪ੍ਰੋਗਰਾਮ

ਕੈਨੇਡਾ ਸਰਕਾਰ ਦੇ ਕਿਸੇ ਵੀ ਪ੍ਰੋਗਰਾਮ ਜਾਂ ਸਰਵਿਸ ਬਾਰੇ ਜਾਣਕਾਰੀ ਲੈਣ ਲਈ ਸਰਵਿਸ ਕੈਨੇਡਾ ਨਾਲ ਸੰਪਰਕ ਕਰੋ।

| | |
|---|---|
| ਟੋਲ ਫਰੀ | 1 800 622-6232 |
| ਵੈੱਬਸਾਈਟ | www.servicecanada.gc.ca |

## ਆਮਦਨ ਸੁਰੱਖਿਆ – ਪੈਨਸ਼ਨਾਂ

### ਓਲਡ ਏਜ ਸਕਿਉਰਟੀ ਪੈਨਸ਼ਨ

ਓਲਡ ਏਜ ਸਕਿਉਰਟੀ ਪੈਨਸ਼ਨ (ਓ ਏ ਐੱਸ) ਭਾਵ ਬੁਢਾਪਾ ਪੈਨਸ਼ਨ ਫੈਡਰਲ ਸਰਕਾਰ ਤੋਂ ਮਿਲਣ ਵਾਲੀ ਇਕ ਮਹੀਨਾਵਾਰ ਪੈਨਸ਼ਨ ਹੈ ਜਿਹੜੀ ਤੁਹਾਨੂੰ 65 ਸਾਲ ਦੇ ਹੋਣ ਤੋਂ ਬਾਅਦ ਮਿਲਦੀ ਹੈ, ਜੇ ਤੁਸੀਂ ਕੈਨੇਡਾ ਦੇ ਸਿਟੀਜ਼ਨ ਜਾਂ ਕੈਨੇਡਾ ਦੇ ਕਾਨੂੰਨੀ ਵਸ਼ਿੰਦੇ ਹੋ ਅਤੇ ਜੇ ਤੁਸੀਂ ਰਿਹਾਇਸ਼ ਦੀਆਂ ਸ਼ਰਤਾਂ ਪੂਰੀਆਂ ਕਰਦੇ ਹੋ। ਓ ਏ ਐੱਸ (ਬੁਢਾਪਾ ਪੈਨਸ਼ਨ) ਲੈਣ ਲਈ ਤੁਹਾਨੂੰ ਆਪਣੇ 65ਵੇਂ ਜਨਮ ਦਿਨ ਜਾਂ ਹੱਕਦਾਰ ਬਣਨ ਦੀ ਆਪਣੀ ਤਰੀਕ ਤੋਂ ਘੱਟੋ ਘੱਟ 6 ਮਹੀਨੇ ਪਹਿਲਾਂ ਅਪਲਾਈ ਕਰਨਾ ਚਾਹੀਦਾ ਹੈ। ਜੇ ਤੁਸੀਂ ਕੈਨੇਡਾ ਤੋਂ ਬਾਹਰ ਰਹਿੰਦੇ ਹੋ ਤਾਂ ਤੁਸੀਂ ਇਕ ਅੰਤਰਰਾਸ਼ਟਰੀ ਸਮਝੌਤੇ ਅਧੀਨ ਵੀ ਇਸ ਦੇ ਹੱਕਦਾਰ ਹੋ ਸਕਦੇ ਹੋ। ਓਲਡ ਏਜ ਸਕਿਉਰਟੀ ਪੈਨਸ਼ਨ ਬਾਰੇ ਹੋਰ ਜਾਣਕਾਰੀ ਲੈਣ ਲਈ, ਸੋਸ਼ਲ ਡਿਵੈਲਪਮੈਂਟ ਕੈਨੇਡਾ ਨਾਲ ਸੰਪਰਕ ਕਰੋ।

| | |
|---|---|
| ਟੋਲ ਫਰੀ | 1 800 277-9914 |
| ਵੈੱਬਸਾਈਟ | www.sdc.gc.ca/asp/gateway.asp?hr=/en/isp/oas/oastoc.shtml&hs=ozs |

### ਗਾਰੰਟਿਡ ਇਨਕਮ ਸਪਲੀਮੈਂਟ

ਜੇ ਤੁਸੀਂ ਘੱਟ ਆਮਦਨ ਵਾਲੇ ਬਜ਼ੁਰਗ ਹੋ ਤਾਂ ਹੋ ਸਕਦਾ ਤੁਸੀਂ ਗਾਰੰਟਿਡ ਇਨਕਮ ਸਪਲੀਮੈਂਟ (ਜੀ ਆਈ ਐੱਸ) ਲੈਣ ਦੇ ਹੱਕਦਾਰ ਵੀ ਹੋਵੋ, ਜੋ ਕਿ ਓਲਡ ਏਜ ਸਕਿਉਰਟੀ ਪੈਨਸ਼ਨ ਤੋਂ ਵੱਖਰੇ ਹੋਰ ਪੈਸੇ ਦਿੰਦਾ ਹੈ। ਜੀ ਆਈ ਐੱਸ ਲੈਣ ਲਈ, ਤੁਹਾਨੂੰ ਇਕ ਅਰਜ਼ੀ ਦੇ ਕੇ ਅਪਲਾਈ ਕਰਨਾ ਪਵੇਗਾ ਜਿਹੜੀ ਸੋਸ਼ਲ ਡਿਵੈਲਪਮੈਂਟ ਕੈਨੇਡਾ ਤੋਂ ਲਈ ਜਾ ਸਕਦੀ ਹੈ। ਜੀ ਆਈ ਐੱਸ ਤੁਹਾਡੀ ਸਲਾਨਾ ਆਮਦਨ ’ਤੇ, ਜਾਂ ਤੁਹਾਡੀ ਅਤੇ ਤੁਹਾਡੀ ਪਤਨੀ/ਤੁਹਾਡੇ ਪਤੀ ਦੀ ਸਾਂਝੀ ਕੁੱਲ ਸਲਾਨਾ ਆਮਦਨ ’ਤੇ ਆਧਾਰਿਤ ਹੁੰਦਾ ਹੈ। ਤੁਹਾਡੀ ਸਲਾਨਾ ਆਮਦਨ ਕਿਉਂਕਿ ਇਕ ਸਾਲ ਤੋਂ ਅਗਲੇ ਸਾਲ ਬਦਲ

ਸਕਦੀ ਹੈ, ਇਸ ਕਰਕੇ ਤੁਹਾਨੂੰ ਹਰ ਸਾਲ ਸਪਲੀਮੈਂਟ ਨੂੰ ਨਵਿਆਉਣਾ ਪੈਂਦਾ ਹੈ। ਬਹੁਤੇ ਬਜ਼ੁਰਗਾਂ ਲਈ ਅਜਿਹਾ ਆਪਣੇ ਆਪ ਹੀ ਹੋ ਜਾਂਦਾ ਹੈ ਜਦੋਂ ਤੁਸੀਂ ਆਪਣੀ ਇਨਕਮ ਟੈਕਸ ਰੀਟਰਨ ਭਰਦੇ ਹੋ। ਜੇ ਅਰਜ਼ੀ ਦੀ ਲੋੜ ਹੋਈ ਤਾਂ ਇਹ ਤੁਹਾਨੂੰ ਭੇਜੀ ਜਾਵੇਗੀ।

ਟੋਲ ਫਰੀ 1 800 277-9914

ਵੈੱਬਸਾਈਟ www.sdc.gc.ca/asp/gateway.asp?hr=/en/isp/pub/oas/gismain.shtml&hs=ozs

### ਅਲਾਊਂਸ/ਅਲਾਊਂਸ ਫਾਰ ਦਾ ਸਰਵਾਈਵਰ

ਜੇ ਤੁਸੀਂ ਓ ਏ ਐੱਸ ਅਤੇ ਜੀ ਆਈ ਐੱਸ ਲੈ ਰਹੇ ਵਿਅਕਤੀ ਦੀ ਪਤਨੀ/ਦੇ ਪਤੀ ਹੋ ਤਾਂ ਤੁਸੀਂ ਅਲਾਊਂਸ ਲੈਣ ਦੇ ਹੱਕਦਾਰ ਹੋ ਸਕਦੇ ਹੋ। ਤੁਹਾਡੀ ਉਮਰ 60 ਅਤੇ 64 ਸਾਲ ਦੇ ਵਿਚਕਾਰ ਹੋਣੀ ਚਾਹੀਦੀ ਹੈ ਅਤੇ ਤੁਸੀਂ ਰਿਹਾਇਸ਼ ਅਤੇ ਕਾਨੂੰਨੀ ਰਿਹਾਇਸ਼ ਦੀਆਂ ਸ਼ਰਤਾਂ ਪੂਰੀਆਂ ਕਰਦੇ ਹੋਣੇ ਚਾਹੀਦੇ ਹੋ। ਤੁਹਾਡੇ ਭੱਤੇ ਤੁਹਾਡੀ ਅਤੇ ਤੁਹਾਡੀ ਪਤਨੀ/ਤੁਹਾਡੇ ਪਤੀ ਦੀ ਸਾਂਝੀ ਆਮਦਨ ’ਤੇ ਆਧਾਰਿਤ ਹੋਣਗੇ। ਜੇ ਤੁਹਾਡੀ ਪਤਨੀ/ਤੁਹਾਡੇ ਪਤੀ ਦੀ ਮੌਤ ਹੋ ਜਾਂਦੀ ਹੈ (ਜਾਂ ਹੋ ਚੁੱਕੀ ਹੈ) ਤਾਂ ਤੁਹਾਨੂੰ 65 ਸਾਲ ਦੀ ਉਮਰ ਦੇ ਹੋਣ ਤੱਕ ਅਲਾਊਂਸ ਫਾਰ ਦਾ ਸਰਵਾਈਵਰ (ਪਿੱਛੇ ਰਹਿ ਗਏ ਵਿਆਹੁਤਾ ਸਾਥੀ ਲਈ ਅਲਾਊਂਸ) ਮਿਲ ਸਕਦਾ ਹੈ ਪਰ ਇਹ ਤੁਹਾਡੀ ਆਮਦਨ ’ਤੇ ਨਿਰਭਰ ਕਰਦਾ ਹੈ। ਤੁਹਾਡੀ ਆਮਦਨ ਕਿਉਂਕਿ ਇਕ ਸਾਲ ਤੋਂ ਅਗਲੇ ਸਾਲ ਬਦਲ ਸਕਦੀ ਹੈ, ਤੁਹਾਨੂੰ ਹਰ ਸਾਲ ਆਪਣੀ ਆਮਦਨ ਬਾਰੇ ਦੱਸਣਾ ਪਵੇਗਾ ਅਤੇ ਅਜਿਹਾ ਅਰਜ਼ੀ ਦੇ ਕੇ ਜਾਂ ਆਪਣੇ ਇਨਕਮ ਟੈਕਸ ਦੇ ਫਾਰਮ ਭਰ ਕੇ ਕੀਤਾ ਜਾ ਸਕਦਾ ਹੈ।

ਟੋਲ ਫਰੀ 1 800 277-9914

ਵੈੱਬਸਾਈਟ www.sdc.gc.ca/asp/gateway.asp?hr=/en/isp/pub/oas/allowance.shtml&hs=ozs

## ਕੈਨੇਡਾ ਪੈਨਸ਼ਨ ਪਲੈਨ

ਕੈਨੇਡਾ ਪੈਨਸ਼ਨ ਪਲੈਨ (ਸੀ ਪੀ ਪੀ) ਉਨ੍ਹਾਂ ਲੋਕਾਂ ਨੂੰ ਰਿਟਾਇਰਮੈਂਟ ਪੈਨਸ਼ਨ ਅਤੇ ਹੋਰ ਭੱਤੇ ਦਿੰਦੀ ਹੈ ਜਿਨ੍ਹਾਂ ਨੇ ਕੈਨੇਡਾ ਵਿਚ ਤਨਖਾਹ ’ਤੇ ਕੰਮ ਕਰਕੇ ਇਸ ਪਲੈਨ ਲਈ ਚੰਦੇ ਦਿੱਤੇ ਸਨ। ਸੀ ਪੀ ਪੀ ਭੱਤਿਆਂ ਦੀ ਰਕਮ ਦਾ ਫੈਸਲਾ ਉਸ ਯੋਗਦਾਨ ਤੋਂ ਕੀਤਾ ਜਾਂਦਾ ਹੈ ਜਿਹੜਾ ਤੁਸੀਂ ਆਪਣੇ ਕੰਮ ਕਰਨ ਦੌਰਾਨ ਪਾਇਆ ਸੀ। ਰਿਟਾਇਰ ਹੋਣ ਬਾਅਦ ਮਿਲਣ ਵਾਲੇ ਕੈਨੇਡਾ ਪੈਨਸ਼ਨ ਪਲੈਨ ਦੇ ਭੱਤੇ 60 ਸਾਲ ਦੀ ਉਮਰ ’ਤੇ ਅਗੇਤੇ ਅਤੇ 70 ਸਾਲ ਦੀ ਉਮਰ ’ਤੇ ਲੇਟ ਸ਼ੁਰੂ ਹੋ

ਸਕਦੇ ਹਨ। ਜਿਉਣ ਦੇ ਖਰਚਿਆਂ ਦੇ ਮੁਤਾਬਕ ਰਹਿਣ ਲਈ ਸੀ ਪੀ ਪੀ ਨੂੰ ਹਰ ਸਾਲ ਜਨਵਰੀ ਮਹੀਨੇ ਮਹਿੰਗਾਈ ਮੁਤਾਬਕ ਵਧਾਇਆ ਜਾਂਦਾ ਹੈ। ਤੁਹਾਨੂੰ ਸੀ ਪੀ ਪੀ ਲਈ ਉਸ ਸਮੇਂ ਤੋਂ ਘੱਟੋ ਘੱਟ ਛੇ ਮਹੀਨੇ ਪਹਿਲਾਂ ਅਪਲਾਈ ਕਰਨਾ ਚਾਹੀਦਾ ਹੈ ਜਦੋਂ ਤੋਂ ਤੁਸੀਂ ਇਹ ਲੈਣਾ ਚਾਹੁੰਦੇ ਹੋ।

ਜੇ ਤੁਸੀਂ ਸੀ ਪੀ ਪੀ ਲਈ ਨਿਸ਼ਚਿਤ ਸਾਲਾਂ ਲਈ ਚੰਦੇ ਦਿੱਤੇ ਹਨ ਤਾਂ ਤੁਹਾਡੀ ਮੌਤ ਹੋ ਜਾਣ ਦੀ ਸੂਰਤ ਵਿਚ, ਅਰਜ਼ੀ ਦੇਣ 'ਤੇ ਤੁਹਾਡੀ ਇਸਟੇਟ ਨੂੰ ਉੱਕੇ-ਪੁੱਕੇ ਬੈਨੇਫਿਟ (ਲਾਭ) ਮਿਲ ਸਕਦੇ ਹਨ। ਤੁਹਾਡਾ ਕਾਨੂੰਨੀ ਜਾਂ ਕੌਮਨ-ਲਾਅ ਪਾਰਟਨਰ, ਸਰਵਾਈਵਰ'ਜ਼ ਪੈਨਸ਼ਨ ਲੈਣ ਦਾ ਹੱਕਦਾਰ ਹੋ ਸਕਦਾ ਹੈ ਜੇ ਉਹ ਕੁਝ ਖਾਸ ਸ਼ਰਤਾਂ ਪੂਰੀਆਂ ਕਰਦਾ ਹੈ। ਤੁਹਾਡੇ ਬੱਚਿਆਂ ਨੂੰ 18 ਸਾਲ ਦੀ ਉਮਰ ਤੱਕ ਭੱਤੇ ਮਿਲਣਗੇ, ਜਾਂ ਜੇ ਉਹ ਫੁੱਲ-ਟਾਈਮ ਸਕੂਲ ਜਾਣਾ ਜਾਰੀ ਰੱਖਦੇ ਹਨ ਤਾਂ ਇਹ ਭੱਤੇ 25 ਸਾਲ ਦੀ ਉਮਰ ਤੱਕ ਮਿਲਣਗੇ।

ਕੈਨੇਡਾ ਪੈਨਸ਼ਨ ਪਲੈਨ ਬੈਨੇਫਿਟਸ ਲਈ ਅਰਜ਼ੀਆਂ ਫੈਡਰਲ ਸੋਸ਼ਲ ਡਿਵੈਲਪਮੈਂਟ ਕੈਨੇਡਾ ਦੇ ਕਿਸੇ ਵੀ ਦਫਤਰ ਤੋਂ ਮਿਲਦੀਆਂ ਹਨ। ਤੁਸੀਂ ਇੰਟਰਨੈੱਟ 'ਤੇ ਵੀ ਅਪਲਾਈ ਕਰ ਸਕਦੇ ਹੋ।
ਵੈੱਬਸਾਈਟ www.sdc.gc.ca/en/isp/common/rtrinfo.shtml

ਜ਼ਿਆਦਾ ਜਾਣਕਾਰੀ ਲਈ ਅੱਗੇ ਦਿੱਤੇ ਨੰਬਰਾਂ 'ਤੇ ਫੋਨ ਕਰੋ।

| | |
|---|---|
| ਟੋਲ ਫਰੀ | 1 800 277-9914 |
| ਬੋਲ਼ੇ ਲੋਕਾਂ ਲਈ – ਕਿਰਪਾ ਕਰਕੇ ਟੋਲ ਫਰੀ ਫੋਨ ਕਰੋ | 1 800 255-4786 |
| ਵੈੱਬਸਾਈਟ | www.sdc.gc.ca/asp/gateway.asp?hr=/en/isp/cpp/cpptoc.shtml&hs=ozs |

## ਇਮਪਲੌਏਮੈਂਟ ਇਨਸ਼ੋਰੈਂਸ ਬੈਨੇਫਿਟਸ

ਜਿਹੜੇ ਬਜ਼ੁਰਗ ਕੰਮ ਕਰਦੇ ਹਨ ਅਤੇ 65 ਸਾਲ ਦੀ ਉਮਰ ਤੋਂ ਬਾਅਦ ਵੀ ਕੰਮ ਕਰਨਾ ਜਾਰੀ ਰੱਖਣਾ ਚਾਹੁੰਦੇ ਹਨ, ਉਹ ਇਮਪਲੌਏਮੈਂਟ ਇਨਸ਼ੋਰੈਂਸ ਦੇ ਭੱਤਿਆਂ ਲਈ ਕੈਨੇਡਾ ਵਿਚਲੇ ਦੂਜੇ ਕਾਮਿਆਂ ਵਾਂਗ ਹੀ ਹੱਕਦਾਰ ਹਨ। ਤੁਹਾਨੂੰ ਹੱਕਦਾਰੀ ਦੀ ਕਸੌਟੀ 'ਤੇ ਪੂਰਾ ਉਤਰਨਾ ਪਵੇਗਾ।

ਇਮਪਲੌਏਮੈਂਟ ਇਨਸ਼ੋਰੈਂਸ ਬੈਨੇਫਿਟਸ ਲਈ ਇੰਟਰਨੈੱਟ 'ਤੇ ਅਪਲਾਈ ਕੀਤਾ ਜਾ ਸਕਦਾ ਹੈ।
ਵੈੱਬਸਾਈਟ www100.hrdc-drhc.gc.ca/ae-ei/dem-app/english/home2.html

ਜ਼ਿਆਦਾ ਜਾਣਕਾਰੀ ਲਈ ਸਰਵਿਸ ਕੈਨੇਡਾ ਦੀ ਆਟੋਮੈਟਿਕ ਟੈਲੀਫੋਨ ਜਾਣਕਾਰੀ ਲਾਈਨ ਨੂੰ ਫੋਨ ਕਰੋ।

# ਵਿੱਤੀ ਮਾਮਲੇ

ਟੋਲ ਫਰੀ 1 800 206-7218

ਵੈੱਬਸਾਈਟ www.hrsdc.gc.ca/en/gateways/individuals/cluster/category/ei.shtml

## ਵੈਟਰਨਜ਼ ਅਫੇਅਰਜ਼ ਕੈਨੇਡਾ

ਵੈਟਰਨਜ਼ ਅਫੇਅਰਜ਼ ਕੈਨੇਡਾ, ਯੋਗ, ਹੱਕਦਾਰ ਸਾਬਕਾ ਫੌਜੀਆਂ (ਅਤੇ ਉਨ੍ਹਾਂ 'ਤੇ ਨਿਰਭਰਾਂ), ਆਰਮਡ ਫੋਰਸਿਜ਼ ਦੇ ਮੈਂਬਰਾਂ ਅਤੇ ਸਾਬਕਾਂ ਮੈਂਬਰਾਂ ਅਤੇ ਆਰ ਸੀ ਐੱਮ ਪੀ ਦੇ ਮੈਂਬਰਾਂ ਅਤੇ ਸਾਬਕਾ ਮੈਂਬਰਾਂ ਨੂੰ ਵੱਖ ਵੱਖ ਤਰ੍ਹਾਂ ਦੀਆਂ ਸੇਵਾਵਾਂ ਅਤੇ ਭੱਤੇ ਦਿੰਦਾ ਹੈ।

ਸੇਵਾਵਾਂ ਅਤੇ ਭੱਤਿਆਂ ਵਿਚ, ਜੰਗ ਦੇ ਸਮੇਂ ਦੌਰਾਨ ਖਾਸ ਡਿਊਟੀ ਦੇਣ ਵਾਲੇ ਅਤੇ ਰੈਗੂਲਰ ਫੋਰਸ ਦੇ ਸਾਬਕਾ ਫੌਜੀਆਂ ਲਈ ਡਿਸਏਬਿਲਟੀ ਪੈਨਸ਼ਨ, ਆਰਥਿਕ ਸਹਾਇਤਾ ਲਈ ਅਲਾਊਂਸ, ਅਤੇ ਸਿਹਤ ਸੰਭਾਲ (ਜਿਵੇਂ, ਦੰਦਾਂ ਦੀ ਸੰਭਾਲ, ਐਨਕਾਂ, ਸੁਣਨ-ਸਹਾਇਕ ਯੰਤਰ, ਦਵਾਈ, ਸਾਜ਼-ਸਾਮਾਨ, ਘਰ ਵਿਚ ਸੰਭਾਲ ਵਿਚ ਯੋਗਦਾਨ) ਸ਼ਾਮਲ ਹੋ ਸਕਦੇ ਹਨ। ਜ਼ਿਆਦਾ ਜਾਣਕਾਰੀ ਲਈ ਅੱਗੇ ਦਿੱਤੇ ਨੰਬਰਾਂ 'ਤੇ ਫੋਨ ਕਰੋ।

ਟੋਲ ਫਰੀ 1 866 522-2122

ਫੌਰਨ ਸਰਵਿਸ ਵੈਟਰਨਜ਼ 1 888 996-2242

ਵੈੱਬਸਾਈਟ www.vac-acc.gc.ca/general/sub.cfm?source=services

## ਫੈਡਰਲ ਨੌਨ-ਰੀਫੰਡੇਬਲ ਟੈਕਸ ਕਰੈਡਿਟ

ਅੱਗੇ ਦਿੱਤੀ ਜਾਣਕਾਰੀ ਉਨ੍ਹਾਂ ਟੈਕਸ ਕਰੈਡਿਟਾਂ ਬਾਰੇ ਦੱਸਦੀ ਹੈ ਜਿਹੜੇ ਆਪਣੇ ਸਲਾਨਾ ਟੈਕਸ ਫਾਰਮ ਭਰਨ ਅਤੇ ਦਰਜ ਕਰਵਾਉਣ ਵੇਲੇ ਤੁਹਾਨੂੰ ਮਿਲ ਸਕਦੇ ਹਨ।

### ਉਮਰ ਮੁਤਾਬਕ ਰਕਮ

ਜੇ ਤੁਸੀਂ ਚਾਲੂ ਸਾਲ ਵਿਚ 65 ਸਾਲ ਦੇ ਹੋ ਜਾਂਦੇ ਹੋ ਜਾਂ (ਜ਼ਿਆਦਾ ਉਮਰ ਦੇ ਹੋ) ਤਾਂ ਬੇਸਿਕ ਪਰਸਨਲ (ਮੁਢਲੀ ਨਿੱਜੀ) ਰਕਮ ਤੋਂ ਇਲਾਵਾ, ਤੁਸੀਂ ਉਮਰ ਮੁਤਾਬਕ ਰਕਮ ਨੂੰ ਕਲੇਮ ਕਰਨ ਦੇ ਹੱਕਦਾਰ ਵੀ ਹੋ ਸਕਦੇ ਹੋ ਜਿਹੜਾ ਕਿ ਦਿੱਤੇ ਜਾਣ ਵਾਲੇ ਇਨਕਮ ਟੈਕਸ ਨੂੰ ਘਟਾਉਣ ਲਈ ਹੱਕਦਾਰ ਬਜ਼ੁਰਗਾਂ ਨੂੰ ਇਕ ਨਾ-ਵਾਪਸ ਕਰਨ ਯੋਗ ਟੈਕਸ ਕਰੈਡਿਟ ਦੇ ਹੱਕਦਾਰ ਬਣਾਉਂਦਾ ਹੈ। ਤੁਹਾਡੀ ਹੱਕਦਾਰੀ ਅਤੇ ਜਿਹੜੀ ਰਕਮ ਤੁਸੀਂ ਕਲੇਮ ਕਰ ਸਕਦੇ ਹੋ ਉਹ ਤੁਹਾਡੀ ਕੁੱਲ ਆਮਦਨ ਦੇ ਪੱਧਰ 'ਤੇ ਆਧਾਰਿਤ ਹੁੰਦੀ ਹੈ।

# ਵਿੱਤੀ ਮਾਮਲੇ

### ਪੈਨਸ਼ਨ ਦੀ ਆਮਦਨ

ਜੇ ਤੁਹਾਨੂੰ ਪੈਨਸ਼ਨ ਮਿਲਦੀ ਹੈ ਤਾਂ ਤੁਸੀਂ ਪੈਨਸ਼ਨ ਦੀਆਂ ਕੁਝ ਖਾਸ ਆਮਦਨਾਂ ਲਈ ਪ੍ਰਵਾਨਤ ਰਕਮ ਕਲੇਮ ਕਰਨ ਦੇ ਯੋਗ ਹੋ ਸਕਦੇ ਹੋ। ਤੁਹਾਡੀ ਪੈਨਸ਼ਨ ਆਮਦਨ ਦੀ ਰਕਮ ਨੂੰ, ਤੁਹਾਡਾ ਫੈਡਰਲ ਇਨਕਮ ਟੈਕਸ ਘਟਾਉਣ ਲਈ ਕੁੱਲ ਨਾ ਵਾਪਸ ਕਰਨ ਯੋਗ ਟੈਕਸ ਕਰੈਡਿਟਾਂ ਦਾ ਹਿਸਾਬ ਲਾਉਣ ਲਈ ਵਰਤਿਆ ਜਾਵੇਗਾ।

### ਪਤਨੀ/ਪਤੀ ਤੋਂ ਤਬਾਦਲਾ ਕੀਤੀਆਂ ਰਕਮਾਂ

ਤੁਹਾਡੀ ਪਤਨੀ/ਪਤੀ ਤੁਹਾਨੂੰ ਉਹ ਰਕਮਾਂ ਤਬਦੀਲ ਕਰ ਸਕਦੀ/ਸਕਦਾ ਹੈ ਜਿਸ ਲਈ ਉਹ ਹੱਕਦਾਰ ਹੈ ਪਰ ਜਿਸ ਦੀ ਉਸ ਨੂੰ ਆਪਣਾ ਫੈਡਰਲ ਇਨਕਮ ਟੈਕਸ ਜ਼ੀਰੋ 'ਤੇ ਲਿਆਉਣ ਲਈ ਲੋੜ ਨਹੀਂ ਹੈ। ਉਦਾਹਰਣ ਲਈ: ਉਮਰ ਮੁਤਾਬਕ ਰਕਮ, ਪੈਨਸ਼ਨ ਇਨਕਮ ਰਕਮ ਜਾਂ ਡਿਸਏਬਿਲਟੀ ਟੈਕਸ ਕਰੈਡਿਟ।

### ਹੋਰ ਰਕਮਾਂ

ਤੁਸੀਂ ਅਪਾਹਜਤਾ ਲਈ ਰਕਮ, ਡਾਕਟਰੀ ਖਰਚਿਆਂ ਲਈ ਰਕਮ ਅਤੇ ਕਿਸੇ ਵਿਅਕਤੀ ਨੂੰ ਆਪਣੀ ਸੰਭਾਲ ਲਈ ਰੱਖਣ ਜਾਂ ਨਰਸਿੰਗ ਹੋਮ ਵਿਚ ਫੁੱਲ-ਟਾਈਮ ਸੰਭਾਲ ਲਈ ਰੱਖਣ ਦੇ ਖਰਚੇ ਕਲੇਮ ਕਰਨ ਦੇ ਯੋਗ ਹੋ ਸਕਦੇ ਹੋ।

ਹੋਰ ਜਾਣਕਾਰੀ ਲਈ, ਆਪਣੀ ਇਨਕਮ ਟੈਕਸ ਗਾਈਡ ਦੇਖੋ ਜਾਂ ਕੈਨੇਡਾ ਰੈਵੇਨਿਊ ਏਜੰਸੀ (ਸੀ ਆਰ ਏ) ਨੂੰ ਫੋਨ ਕਰੋ:

| | |
|---|---|
| ਟੋਲ ਫਰੀ | 1 800 959-8281 |
| ਵੈੱਬਸਾਈਟ | www.cra.gc.ca |

## ਗੁੱਡਜ਼ ਐਂਡ ਸਰਵਿਸਿਜ਼ ਟੈਕਸ ਕਰੈਡਿਟ

ਗੁੱਡਜ਼ ਐਂਡ ਸਰਵਿਸਿਜ਼ ਟੈਕਸ (ਜੀ ਐੱਸ ਟੀ) ਕਰੈਡਿਟ, ਟੈਕਸ-ਮੁਕਤ ਤਿਮਾਹੀ ਦਿੱਤੀ ਜਾਣ ਵਾਲੀ ਇਕ ਰਕਮ ਹੈ, ਜਿਹੜੀ ਘੱਟ ਅਤੇ ਦਰਮਿਆਨੀ ਆਮਦਨ ਵਾਲੇ ਵਿਅਕਤੀਆਂ ਅਤੇ ਪਰਿਵਾਰਾਂ ਵਲੋਂ ਦਿੱਤੀ ਗਈ ਸਾਰੀ ਜੀ ਐੱਸ ਟੀ ਜਾਂ ਇਸ ਦੇ ਕੁਝ ਹਿੱਸੇ ਨੂੰ ਮੋੜਦੀ ਹੈ।

ਜੀ ਐੱਸ ਟੀ ਕਰੈਡਿਟ ਦੀ ਤਿਮਾਹੀ ਰਕਮ ਲੈਣ ਲਈ ਲੋਕਾਂ ਲਈ ਆਪਣਾ ਇਨਕਮ ਟੈਕਸ ਅਤੇ

# ਵਿੱਤੀ ਮਾਮਲੇ

ਬੈਨੇਫਿਟ ਰੀਟਰਨ ਅਤੇ ਰੀਟਰਨ ਦੇ ਪਹਿਲੇ ਸਫੇ 'ਤੇ ਗੁੱਡਜ਼ ਐਂਡ ਸਰਵਿਸਿਜ਼ ਟੈਕਸ/ਹਾਰਮਨਾਈਜ਼ਡ ਸੇਲਜ਼ ਟੈਕਸ (ਜੀ ਐੱਸ ਟੀ/ਐੱਚ ਐੱਸ ਟੀ) ਕਰੈਡਿਟ ਐਪਲੀਕੇਸ਼ਨ ਵਾਲਾ ਹਿੱਸਾ ਭਰਨਾ ਜ਼ਰੂਰੀ ਹੈ। ਮੂਵ ਹੋਣ ਵਾਲੇ ਵਿਅਕਤੀਆਂ ਨੂੰ ਕੈਨੇਡਾ ਰੈਵੇਨਿਊ ਏਜੰਸੀ ਨੂੰ ਫੌਰਨ ਦੱਸਣਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਦੀ ਜੀ ਐੱਸ ਟੀ/ਐੱਚ ਐੱਸ ਟੀ ਦੀਆਂ ਚਿਕਾਂ ਵਿਚ ਕੋਈ ਵਿਘਨ ਨਾ ਪਵੇ, ਭਾਵੇਂ ਕਿ ਉਹ ਡਾਇਰੈਕਟ ਡਿਪਾਜ਼ਿਟ ਦੀ ਵਰਤੋਂ ਕਰਦੇ ਹਨ ਅਤੇ ਉਨ੍ਹਾਂ ਦਾ ਬੈਂਕ ਅਕਾਊਂਟ ਬਦਲਿਆ ਨਹੀਂ।

ਜੀ ਐੱਸ ਟੀ ਨਾਲ ਸੰਬੰਧਿਤ ਆਮ ਜਾਣਕਾਰੀ ਸੀ ਆਰ ਏ ਦੀ ਆਟੋਮੈਟਿਡ ਟੈਕਸ ਇਨਫਰਮੇਸ਼ਨ ਫੋਨ ਸਰਵਿਸ (ਟੀ.ਆਈ.ਪੀ.ਐੱਸ.) ਰਾਹੀਂ ਲਈ ਜਾ ਸਕਦੀ ਹੈ:

| | |
|---|---|
| ਟੋਲ ਫਰੀ | 1 800 267-6999 |
| ਵੈੱਬਸਾਈਟ | www.cra-arc.gc.ca/benefits/gsthst/menu-e.html |

### ਸੂਬਾਈ ਪ੍ਰੋਗਰਾਮ

## ਸੀਨੀਅਰਜ਼ ਸਪਲੀਮੈਂਟ

ਸੀਨੀਅਰਜ਼ ਸਪਲੀਮੈਂਟ ਘੱਟ ਆਮਦਨ ਵਾਲੇ ਉਨ੍ਹਾਂ ਬਜ਼ੁਰਗਾਂ ਲਈ ਮਹੀਨਾਵਾਰ ਅਦਾਇਗੀ ਹੈ ਜਿਹੜੇ ਫੈਡਰਲ ਓਲਡ ਏਜ ਸਕਿਉਰਟੀ ਅਤੇ ਗਰੰਟਿਡ ਇਨਕਮ ਸਪਲੀਮੈਂਟ ਜਾਂ ਫੈਡਰਲ ਅਲਾਊਂਸ ਲੈ ਰਹੇ ਹਨ। ਜੇ ਹੱਕਦਾਰ ਬਜ਼ੁਰਗ ਦੀ ਆਮਦਨ ਸੂਬੇ ਵਲੋਂ ਗਰੰਟੀ ਕੀਤੀ ਗਈ ਆਮਦਨ ਨਾਲੋਂ ਥੱਲੇ ਹੋ ਜਾਂਦੀ ਹੈ ਤਾਂ ਇਹ ਫਰਕ ਪੂਰਾ ਕਰਨ ਲਈ ਸਪਲੀਮੈਂਟ ਦਿੱਤਾ ਜਾਂਦਾ ਹੈ। ਯੋਗ ਵਿਅਕਤੀਆਂ ਨੂੰ ਇਹ ਆਪਣੇ ਆਪ ਦੇ ਦਿੱਤਾ ਜਾਂਦਾ ਹੈ – ਬਜ਼ੁਰਗਾਂ ਨੂੰ ਇਸ ਲਈ ਅਪਲਾਈ ਕਰਨ ਦੀ ਲੋੜ ਨਹੀਂ ਹੈ।

| | |
|---|---|
| ਵੈੱਬਸਾਈਟ | www.eia.gov.bc.ca/programs/other.htm#ss |

ਜ਼ਿਆਦਾ ਜਾਣਕਾਰੀ ਲਈ ਸੀਨੀਅਰਜ਼ ਸਪਲੀਮੈਂਟ ਕਾਲ ਸੈਂਟਰ ਨਾਲ ਸੰਪਰਕ ਕਰੋ।

| | |
|---|---|
| ਟੋਲ ਫਰੀ | 1 866 387-3743 |
| ਗਰੇਟਰ ਵਿਕਟੋਰੀਆ | 250 387-3743 |

## ਬ੍ਰਿਟਿਸ਼ ਕੋਲੰਬੀਆ ਸੇਲਜ਼ ਟੈਕਸ ਕਰੈਡਿਟ

ਸੂਬਾਈ ਸਰਕਾਰ ਤੁਹਾਨੂੰ ਅਤੇ ਤੁਹਾਡੇ ਪਤੀ/ਪਤਨੀ ਜਾਂ ਕਾਮਨ ਲਾਅ ਸਾਥੀ ਨੂੰ 75 ਡਾਲਰ

ਦਾ ਟੈਕਸ ਕਰੈਡਿਟ ਦਿੰਦੀ ਹੈ ਜੇ ਤੁਸੀਂ ਘੱਟ ਆਮਦਨ ਵਾਲੇ ਵਿਅਕਤੀ ਜਾਂ ਪਰਿਵਾਰ ਹੋ ਅਤੇ ਉਸ ਸਾਲ ਦੇ 31 ਦਸੰਬਰ ਨੂੰ ਬ੍ਰਿਟਿਸ਼ ਕੋਲੰਬੀਆ ਵਿਚ ਰਹਿ ਰਹੇ ਹੋ ਜਿਸ ਸਾਲ ਲਈ ਇਨਕਮ ਟੈਕਸ ਰੀਟਰਨ ਦਾਖਲ ਕੀਤਾ ਗਿਆ ਹੈ। ਇਸ ਭੱਤੇ ਲਈ ਅਰਜ਼ੀ ਬ੍ਰਿਟਿਸ਼ ਕੋਲੰਬੀਆ ਕਰੈਡਿਟਸ ਫਾਰਮ (ਬੀ ਸੀ 479) ਵਿਚ ਹੁੰਦੀ ਹੈ ਜਿਹੜਾ ਕਿ ਤੁਹਾਡੇ ਇਨਕਮ ਟੈਕਸ ਰੀਟਰਨ ਵਿਚ ਸ਼ਾਮਲ ਹੁੰਦਾ ਹੈ।

ਹੋਰ ਜਾਣਕਾਰੀ ਲਈ ਕੈਨੇਡਾ ਰੈਵੇਨਿਊ ਏਜੰਸੀ ਨਾਲ ਸੰਪਰਕ ਕਰੋ ਜੋ ਕਿ ਬ੍ਰਿਟਿਸ਼ ਕੋਲੰਬੀਆ ਸੂਬੇ ਲਈ ਇਨਕਮ ਟੈਕਸ ਇਕੱਤਰ ਕਰਦੀ ਹੈ।

| | |
|---|---|
| ਟੋਲ ਫਰੀ | 1 800 959-8281 |
| ਵੈੱਬਸਾਈਟ | www.rev.gov.bc.ca/itb/itapit/other-credits.htm |

## ਜਿਨ੍ਹਾਂ ਬਜ਼ੁਰਗਾਂ ਨੂੰ ਓਲਡ ਏਜ ਸਕਿਉਰਟੀ ਨਹੀਂ ਮਿਲਦੀ ਉਨ੍ਹਾਂ ਲਈ ਆਮਦਨ ਸਹਾਇਤਾ

ਜੇ ਤੁਹਾਡੀ ਉਮਰ 65 ਸਾਲ ਜਾਂ ਜ਼ਿਆਦਾ ਹੈ ਅਤੇ ਤੁਸੀਂ ਓਲਡ ਏਜ ਸਕਿਉਰਟੀ ਪੈਨਸ਼ਨ (ਬੁਢਾਪਾ ਪੈਨਸ਼ਨ) ਅਤੇ ਇਸਦੇ ਸਪਲੀਮੈਂਟ (ਜੀ ਆਈ ਐੱਸ) ਦੇ ਹੱਕਦਾਰ ਨਹੀਂ ਹੋ ਤਾਂ ਤੁਸੀਂ ਮਨਿਸਟਰੀ ਆਫ ਇਮਪਲੌਏਮੈਂਟ ਐਂਡ ਇਨਕਮ ਅਸਿਸਟੈਂਸ ਤੋਂ ਸਹਾਇਤਾ ਲੈਣ ਦੇ ਹੱਕਦਾਰ ਹੋ ਸਕਦੇ ਹੋ। ਇਸ ਲਈ ਹੱਕਦਾਰੀ ਤੁਹਾਡੀ ਆਮਦਨ, ਜਾਇਦਾਦ ਅਤੇ ਰਿਹਾਇਸ਼ੀ ਖਰਚਿਆਂ ’ਤੇ ਆਧਾਰਿਤ ਹੁੰਦੀ ਹੈ।

ਹੋਰ ਜਾਣਕਾਰੀ ਲਈ, ਆਪਣੀ ਟੈਲੀਫੋਨ ਬੁੱਕ ਦੇ ਨੀਲੇ ਪੰਨਿਆਂ ’ਤੇ “Governments – British Columbia” ਹੇਠ ਦਰਜ ਮਨਿਸਟਰੀ ਆਫ ਇਮਪਲੌਏਮੈਂਟ ਐਂਡ ਇਨਕਮ ਅਸਿਸਟੈਂਸ ਦੇ ਆਪਣੇ ਸਥਾਨਕ ਦਫਤਰ ਨਾਲ ਸੰਪਰਕ ਕਰੋ।

| | |
|---|---|
| ਟੋਲ ਫਰੀ | 1 800 663-7867 |
| ਬੋਲ਼ਿਆਂ ਲਈ ਟੋਲ ਫਰੀ ਲਾਈਨ | 1 800 661-8773 |
| ਗਰੇਟਰ ਵੈਨਕੂਵਰ | 604 660-2421 |
| ਗਰੇਟਰ ਵਿਕਟੋਰੀਆ | 250 387-6121 |



# ਰਹਿਣੀ-ਬਹਿਣੀ

ਬਜ਼ੁਰਗਾਂ ਦੀ ਤੰਦਰੁਸਤ ਰਹਿਣ ਵਿਚ ਮਦਦ ਕਰਨਾ

# ਬਜ਼ੁਰਗਾਂ ਲਈ ਸੇਵਾਵਾਂ


**ਰਹਿਣੀ-ਬਹਿਣੀ** **61**

ਬਜ਼ੁਰਗਾਂ ਲਈ ਜ਼ਿੰਦਗੀ ਦਾ ਸ਼ਾਨਦਾਰ ਪੱਧਰ 61

ਪੜ੍ਹਾਈ 62

ਪੋਸਟ-ਸੈਕੰਡਰੀ ਟਿਊਸ਼ਨ 62

ਅੰਗਰੇਜ਼ੀ ਬੋਲੀ ਦੀ ਟਰੇਨਿੰਗ 62

ਮਨਬਹਿਲਾਵਾ 62

ਬਜ਼ੁਰਗਾਂ ਲਈ ਸ਼ਿਕਾਰ ਖੇਡਣ ਅਤੇ ਮੱਛੀਆਂ ਫੜਣ ਦੇ ਲਾਇਸੰਸ 62

ਕੈਂਪਿੰਗ ਦੀਆਂ ਫੀਸਾਂ ਵਿਚ ਰਿਆਇਤ 63

ਰੌਇਲ ਬੀ ਸੀ ਮਿਊਜ਼ੀਅਮ 63

ਬੀ ਸੀ ਦੇ ਬਜ਼ੁਰਗਾਂ ਲਈ ਖੇਡਾਂ 64



# ਰਹਿਣੀ-ਬਹਿਣੀ

## *ਬਜ਼ੁਰਗਾਂ ਲਈ ਜ਼ਿੰਦਗੀ ਦਾ ਸ਼ਾਨਦਾਰ ਪੱਧਰ*

ਬੀ.ਸੀ. ਦੇ ਬਹੁਤ ਸਾਰੇ ਬਜ਼ੁਰਗਾਂ ਲਈ, ਜ਼ਿੰਦਗੀ ਬਿਹਤਰ ਤੋਂ ਬਿਹਤਰ ਹੋ ਰਹੀ ਹੈ। ਸਰਗਰਮੀਆਂ ਦੀਆਂ ਵਧ ਰਹੀਆਂ ਕਿਸਮਾਂ ਅਤੇ ਜ਼ਿੰਦਗੀ ਦੀ ਚੰਗੀ ਕੁਆਲਟੀ ਵਿਚ ਯੋਗਦਾਨ ਪਾਉਣ ਵਾਲੀਆ ਬਹੁਤ ਸਾਰੀਆਂ ਚੀਜ਼ਾਂ ਦੀ ਜ਼ਿਆਦਾ ਸਮਝ ਨਾਲ ਬਜ਼ੁਰਗ ਆਪਣੀਆਂ ਕਮਿਉਨਟੀਆਂ ਵਿਚ ਪਹਿਲਾਂ ਨਾਲੋਂ ਜ਼ਿਆਦਾ ਸ਼ਮੂਲੀਅਤ ਕਰ ਰਹੇ ਹਨ ਅਤੇ ਸ਼ਾਨਦਾਰ ਰਹਿਣੀ-ਬਹਿਣੀ ਦਾ ਆਨੰਦ ਮਾਣ ਰਹੇ ਹਨ।

ਬੀ ਸੀ ਦੇ ਬਜ਼ੁਰਗਾਂ ਦੀਆਂ ਖੇਡਾਂ ਇਕ ਅਦਭੁਤ ਉਦਾਹਰਣ ਹਨ ਕਿਉਂਕਿ ਉਹ 55 ਸਾਲ ਤੋਂ ਜ਼ਿਆਦਾ ਉਮਰ ਦੇ ਤਕਰੀਬਨ 3500 ਬ੍ਰਿਟਿਸ਼ ਕੋਲੰਬੀਅਨਾਂ ਨੂੰ ਬੀ ਸੀ ਗੇਮਜ਼ ਸੁਸਾਇਟੀ ਵਲੋਂ ਕਰਵਾਏ ਜਾਣ ਵਾਲੇ ਵੱਖ ਵੱਖ ਪ੍ਰੋਗਰਾਮਾਂ ਵਿਚ ਚਾਰ ਦਿਨਾਂ ਦੇ ਮੁਕਾਬਲਿਆਂ ਅਤੇ ਜਸ਼ਨਾਂ ਵਿਚ ਇਕੱਠੇ ਕਰਦੀਆਂ ਹਨ। ਹਿੱਸਾ ਲੈਣ ਵਾਲੇ ਖੇਡਾਂ ਲਈ ਜ਼ੋਨ ਪਲੇਅ-ਔਫਸ (ਇਲਾਕਾਈ ਪੱਧਰ ਦੇ ਮੁਕਾਬਲਿਆਂ) ਵਿਚ ਹਿੱਸਾ ਲੈ ਕੇ ਯੋਗ ਬਣਦੇ ਹਨ।

ਸੂਬਾ ਖੇਡਾਂ ਅਤੇ ਬਹੁਤ ਸਾਰੀਆਂ ਹੋਰ ਸਰਗਰਮੀਆਂ ਵਿਚ ਬਜ਼ੁਰਗਾਂ ਦੀ ਸਰਗਰਮ ਸ਼ਮੂਲੀਅਤ ਨੂੰ ਉਤਸ਼ਾਹ ਦਿੰਦਾ ਹੈ। ਅਜਿਹਾ ਕੈਂਪਿੰਗ, ਸ਼ਿਕਾਰ, ਮੱਛੀਆਂ ਫੜਣ ਅਤੇ ਰੌਇਲ ਬ੍ਰਿਟਿਸ਼ ਕੋਲੰਬੀਆ ਮਿਊਜ਼ੀਅਮ ਲਈ ਘਟਾਈਆਂ ਫੀਸਾਂ ਰਾਹੀਂ ਕੀਤਾ ਜਾਂਦਾ ਹੈ, ਜੋ ਕਿ ਉਨ੍ਹਾਂ ਸਰਗਰਮੀਆਂ ਦੀਆਂ ਕੁਝ ਕੁ ਉਦਾਹਰਣਾਂ ਹਨ ਜਿਹੜੀਆਂ ਬਜ਼ੁਰਗਾਂ ਦੀ ਜ਼ਿੰਦਗੀ ਵਿਚ ਵੱਧ ਤੋਂ ਵੱਧ ਪ੍ਰਾਪਤੀਆਂ ਕਰਨ ਵਿਚ ਮਦਦ ਕਰਦੀਆਂ ਹਨ।

ਸਰਗਰਮ ਰਹਿਣੀ-ਬਹਿਣੀ ਲਈ ਮਨੋਰੰਜਨ ਦੀਆਂ ਰਵਾਇਤੀ ਸਰਗਰਮੀਆਂ ਨਾਲੋਂ ਅਗਾਂਹ ਹੋਰ ਬਹੁਤ ਕੁਝ ਹੈ। ਉਦਾਹਰਣ ਲਈ, ਸੂਬੇ ਦੀਆਂ ਬਹੁਤ ਸਾਰੀਆਂ ਪੋਸਟ-ਸੈਕੰਡਰੀ ਸੰਸਥਾਵਾਂ ਬਜ਼ੁਰਗਾਂ ਲਈ ਪੜ੍ਹਾਈ ਦੇ ਕੁਝ ਪ੍ਰੋਗਰਾਮ ਘੱਟ ਫੀਸਾਂ 'ਤੇ ਜਾਂ ਮੁਫਤ ਪੇਸ਼ ਕਰਦੀਆਂ ਹਨ। ਇਹ ਚੀਜ਼ ਬਜ਼ੁਰਗਾਂ ਨੂੰ ਸਿੱਖਣਾ ਜਾਰੀ ਰੱਖਣ, ਅਗਾਂਹ ਵਧਣ ਅਤੇ ਵੱਖ ਵੱਖ ਉਮਰਾਂ ਦੇ ਲੋਕਾਂ ਨਾਲ ਗੱਲਬਾਤ ਕਰਨ ਦੇ ਸਮਰੱਥ ਬਣਾਉਂਦੀ ਹੈ।

ਸਰਗਰਮ, ਖੁਸ਼ ਬਜ਼ੁਰਗਾਂ ਦੀ ਸਿਹਤਮੰਦ, ਆਜ਼ਾਦ ਰਹਿਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ। ਸੂਬਾ, ਬੀ.ਸੀ. ਦੇ ਸਾਰੇ ਬਜ਼ੁਰਗਾਂ ਦੀ ਜ਼ਿੰਦਗੀ ਵਧੀਆ ਬਣਾਉਣ ਵਿਚ ਮਦਦ ਕਰਨ ਲਈ ਵਚਨਬੱਧ ਹੈ, ਜਿਸ ਵਿਚ ਉਨ੍ਹਾਂ ਸਰਗਰਮੀਆਂ ਵਿਚ ਮਦਦ ਕਰਨਾ ਸ਼ਾਮਲ ਹੈ ਜਿਹੜੀਆਂ ਵੱਧ ਸਰੀਰਕ ਕਸਰਤ ਅਤੇ ਸਿਹਤਮੰਦ ਰਹਿਣੀ ਦੀ ਹਿਮਾਇਤ ਕਰਦੀਆਂ ਹਨ।

# ਰਹਿਣੀ-ਬਹਿਣੀ

## ਪੜ੍ਹਾਈ

### ਪੋਸਟ-ਸੈਕੰਡਰੀ ਟਿਊਸ਼ਨ

ਬ੍ਰਿਟਿਸ਼ ਕੋਲੰਬੀਆ ਦੀਆਂ ਬਹੁਤ ਸਾਰੀਆਂ ਸਰਕਾਰੀ ਪੋਸਟ-ਸੈਕੰਡਰੀ ਸੰਸਥਾਵਾਂ ਬਜ਼ੁਰਗਾਂ ਨੂੰ ਘਟ ਫੀਸਾਂ 'ਤੇ ਜਾਂ ਮੁਫਤ ਪੜ੍ਹਾਈ ਦੇ ਪ੍ਰੋਗਰਾਮ ਦਿੰਦੀਆਂ ਹਨ। ਪੋਸਟ-ਸੈਕੰਡਰੀ ਸੰਸਥਾਵਾਂ ਨਾਲ ਸੰਪਰਕ ਕਰਨ ਬਾਰੇ ਜਾਣਕਾਰੀ ਮਨਿਸਟਰੀ ਆਫ ਐਡਵਾਂਸਡ ਐਜੂਕੇਸ਼ਨ ਦੇ ਵੈੱਬਸਾਈਟ ਤੋਂ ਮਿਲਦੀ ਹੈ।

ਵੈੱਬਸਾਈਟ www.aved.gov.bc.ca/branches/psed/institut/institut.htm

### ਅੰਗਰੇਜ਼ੀ ਬੋਲੀ ਦੀ ਟਰੇਨਿੰਗ

ਬੀ.ਸੀ. ਸੈਟਲਮੈਂਟ ਐਂਡ ਅਡਾਪਟੇਸ਼ਨ ਪ੍ਰੋਗਰਾਮ, ਇਮੀਂਗਰਾਂਟ ਬਜ਼ੁਰਗਾਂ ਲਈ ਅੰਗਰੇਜ਼ੀ ਦੀ ਟਰੇਨਿੰਗ ਅਤੇ ਕਮਿਉਨਟੀ ਸੇਵਾਵਾਂ ਬਾਰੇ ਜਾਣਕਾਰੀ ਲਈ ਫੰਡ ਦਿੰਦਾ ਹੈ। ਇਹ ਪ੍ਰੋਗਰਾਮ ਸਰੀ ਅਤੇ ਵੈਨਕੂਵਰ ਵਿਚ ਚੱਲਦੇ ਹਨ। ਜ਼ਿਆਦਾ ਜਾਣਕਾਰੀ ਲਈ, ਆਪਣੇ ਨੇੜੇ ਦੀ ਇਮੀਂਗਰਾਂਟ ਸੈਟਲਮੈਂਟ ਏਜੰਸੀ ਨਾਲ ਸੰਪਰਕ ਕਰੋ। ਮਨਿਸਟਰੀ ਆਫ ਅਟਾਰਨੀ ਜਨਰਲ ਦੀ ਸੈਟਲਮੈਂਟ ਐਂਡ ਮਲਟੀਕਲਚਰਲਿਜ਼ਮ ਬਰਾਂਚ ਆਪਣੇ ਵੈੱਬਸਾਈਟ 'ਤੇ ਇਨ੍ਹਾਂ ਏਜੰਸੀਆਂ ਦੀ ਲਿਸਟ ਪ੍ਰਦਾਨ ਕਰਦੀ ਹੈ।

ਵੈੱਬਸਾਈਟ www.ag.gov.bc.ca/sam/newcomers_guide/agencies.htm

## ਮਨਬਹਿਲਾਵਾ

### ਬਜ਼ੁਰਗਾਂ ਲਈ ਸ਼ਿਕਾਰ ਖੇਡਣ ਅਤੇ ਮੱਛੀਆਂ ਫੜਣ ਦੇ ਲਾਇਸੰਸ

ਇਹ ਪ੍ਰੋਗਰਾਮ ਬੀ.ਸੀ. ਦੇ ਵਸਨੀਕ 65 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਬਜ਼ੁਰਗਾਂ ਲਈ ਸ਼ਿਕਾਰ ਖੇਡਣ ਅਤੇ ਮੱਛੀਆਂ ਫੜਣ ਲਈ ਘੱਟ ਕੀਮਤ 'ਤੇ ਲਾਇਸੰਸ ਲੈਣ ਦੀ ਸਹੂਲਤ ਦਿੰਦੇ ਹਨ। ਸ਼ਿਕਾਰ ਖੇਡਣ ਦੇ ਲਾਇਸੰਸਾਂ ਬਾਰੇ ਜਾਣਕਾਰੀ ਇੰਟਰਨੈੱਟ 'ਤੇ ਲਈ ਜਾ ਸਕਦੀ ਹੈ।

ਵੈੱਬਸਾਈਟ www.env.gov.bc.ca/fw

ਮੱਛੀਆਂ ਫੜਣ ਦੇ ਲਾਇਸੰਸਾਂ ਬਾਰੇ ਜਾਣਕਾਰੀ ਇੰਟਰਨੈੱਟ 'ਤੇ ਲਈ ਜਾ ਸਕਦੀ ਹੈ।

ਵੈੱਬਸਾਈਟ www.env.gov.bc.ca/fw

ਸ਼ਿਕਾਰ ਕਰਨ ਅਤੇ ਮੱਛੀਆਂ ਫੜਣ ਦੇ ਲਾਇਸੰਸਾਂ ਬਾਰੇ ਜ਼ਿਆਦਾ ਜਾਣਕਾਰੀ ਸਰਕਾਰੀ ਏਜੰਟ

ਦੇ ਕਿਸੇ ਵੀ ਦਫਤਰ ਤੋਂ ਜਾਂ ਇਨਕੁਆਰੀ ਬੀ ਸੀ ਨੂੰ ਫੋਨ ਕਰਕੇ ਲਈ ਜਾ ਸਕਦੀ ਹੈ।

| | |
|---|---|
| ਟੋਲ ਫਰੀ | 1 800 663-7867 |
| ਬੋਲ਼ਿਆਂ ਲਈ ਟੋਲ ਫਰੀ ਲਾਈਨ | 1 800 661-8773 |
| ਗਰੇਟਰ ਵੈਨਕੂਵਰ | 604 660-2421 |
| ਗਰੇਟਰ ਵਿਕਟੋਰੀਆ | 250 387-6121 |

### ਕੈਂਪਿੰਗ ਦੀਆਂ ਫੀਸਾਂ ਵਿਚ ਰਿਆਇਤ

ਘੱਟ ਰੱਸ਼ ਵਾਲੇ ਸੀਜ਼ਨ (ਲੇਬਰ ਡੇਅ ਤੋਂ ਅਗਲੇ ਦਿਨ ਤੋਂ ਲੈ ਕੇ ਅਗਲੇ ਸਾਲ 14 ਜੂਨ ਤੱਕ) ਦੌਰਾਨ ਬੀ ਸੀ ਦੇ ਬਜ਼ੁਰਗਾਂ ਨੂੰ ਕੈਂਪਿੰਗ ਕਰਨ ਦੀਆਂ ਥਾਂਵਾਂ ਦੀਆਂ ਫੀਸਾਂ 'ਤੇ ਰਿਆਇਤ ਮਿਲਦੀ ਹੈ। ਇਹ ਰਿਆਇਤ ਗਰੁੱਪ ਕੈਂਪਿੰਗ, ਗਰੁੱਪ ਪਿਕਨਿਕ, ਬੈਕਕੰਟਰੀ, ਮਾਰੀਨ ਅਤੇ ਦਿਨ ਵੇਲੇ ਦੀ ਵਰਤੋਂ 'ਤੇ ਲਾਗੂ ਨਹੀਂ ਹੁੰਦੀ।

| | |
|---|---|
| ਵੈੱਬਸਾਈਟ | www.env.gov.bc.ca/fw |

ਜ਼ਿਆਦਾ ਜਾਣਕਾਰੀ ਇਨਕੁਆਰੀ ਬੀ ਸੀ ਨੂੰ ਫੋਨ ਕਰਕੇ ਲਈ ਜਾ ਸਕਦੀ ਹੈ।

| | |
|---|---|
| ਟੋਲ ਫਰੀ | 1 800 663-7867 |
| ਬੋਲ਼ਿਆਂ ਲਈ ਟੋਲ ਫਰੀ ਲਾਈਨ | 1 800 661-8773 |
| ਗਰੇਟਰ ਵੈਨਕੂਵਰ | 604 660-2421 |
| ਵਿਕਟੋਰੀਆ | 250 387-6121 |

### ਰੌਇਲ ਬੀ ਸੀ ਮਿਊਜ਼ੀਅਮ

ਵਿਕਟੋਰੀਆ ਦੇ ਰੌਇਲ ਬੀ ਸੀ ਮਿਊਜ਼ੀਅਮ ਵਿਖੇ ਬਜ਼ੁਰਗਾਂ ਦੀ ਦਾਖਲਾ ਫੀਸ ਘੱਟ ਲੱਗਦੀ ਹੈ। ਜ਼ਿਆਦਾ ਜਾਣਕਾਰੀ ਲਈ ਅੱਗੇ ਦਿੱਤੇ ਨੰਬਰਾਂ 'ਤੇ ਸੰਪਰਕ ਕਰੋ।

| | |
|---|---|
| ਟੋਲ ਫਰੀ | 1 888 447-7977 |
| ਗਰੇਟਰ ਵਿਕਟੋਰੀਆ | 250 356-7226 |

Royal BC Museum
675 Belleville Street
Victoria, B.C. V8W 9W2

ਰੌਇਲ ਬੀ ਸੀ ਮਿਊਜ਼ੀਅਮ ਵਿਖੇ ਵਾਲੰਟੀਅਰ ਕਈ ਤਰ੍ਹਾਂ ਦੀਆਂ ਸਰਗਰਮੀਆਂ ਵਿਚ ਮਦਦ

# ਰਹਿਣੀ-ਬਹਿਣੀ

ਕਰਦੇ ਹਨ ਜਿਸ ਵਿਚ ਸਕੂਲ ਪ੍ਰੋਗਰਾਮ, ਰੌਇਲ ਮਿਊਜ਼ੀਅਮ ਦੁਕਾਨਾਂ, ਕੋਟ ਚੈੱਕ, ਨੁਮਾਇਸ਼ਾਂ ਬਾਰੇ ਜਾਣਕਾਰੀ ਦੇਣਾ ਅਤੇ ਮਿਊਜ਼ੀਅਮ ਦੇ ਹੋਸਟ ਸ਼ਾਮਲ ਹਨ। ਆਪਣੀਆਂ ਸੇਵਾਵਾਂ ਵਾਲੰਟੀਅਰ ਕਰਨ ਵਿਚ ਦਿਲਚਸਪੀ ਰੱਖਦੇ ਬਜ਼ੁਰਗ ਰੌਇਲ ਬੀ ਸੀ ਮਿਊਜ਼ੀਅਮ ਨਾਲ ਸੰਪਰਕ ਕਰ ਸਕਦੇ ਹਨ।

ਵਿਕਟੋਰੀਆ 250 387-7902

ਈਮੇਲ gmiller@royalbcmuseum.bc.ca

### ਬੀ ਸੀ ਦੇ ਬਜ਼ੁਰਗਾਂ ਲਈ ਖੇਡਾਂ

ਬੀ ਸੀ ਦੇ ਬਜ਼ੁਰਗਾਂ ਲਈ ਖੇਡਾਂ ਬੀ ਸੀ ਦੇ 55 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਵਿਅਕਤੀਆਂ ਲਈ ਖੇਡਾਂ ਅਤੇ ਮਨੋਰੰਜਨ ਦੇ ਪ੍ਰੋਗਰਾਮਾਂ ਵਿਚ ਸ਼ਮੂਲੀਅਤ ਲਈ ਉਤਸ਼ਾਹ ਦਿੰਦੀਆਂ ਹਨ। ਹਰ ਸਾਲ ਚਾਰ ਦਿਨ ਚੱਲਣ ਵਾਲੇ ਇਸ ਮੇਲੇ ਵਿਚ ਸਾਰੇ ਸੂਬੇ ਵਿੱਚੋਂ ਤਕਰੀਬਨ 3,500 ਦੇ ਲੱਗਭੱਗ ਵਡੇਰੀ ਉਮਰ ਦੇ ਬਾਲਗ ਪਹੁੰਚਦੇ ਹਨ।

ਇਸ ਵਿਚ ਸ਼ਾਮਲ ਹੋਣ ਵਾਲੇ ਜ਼ੋਨਾਂ (ਇਲਾਕਾਈ ਮੁਕਾਬਲਿਆਂ) ਵਿਚ ਹੋਣ ਵਾਲੀਆਂ ਖੇਡਾਂ ਰਾਹੀਂ ਕੁਆਲੀਫਾਈ ਕਰਦੇ ਹਨ। ਇਨ੍ਹਾਂ ਵਿਚ ਹਿੱਸਾ ਲੈਣ ਵਾਲਿਆਂ ਲਈ ਰਜਿਸਟਰੇਸ਼ਨ ਫੀਸ ਦੇਣੀ ਜ਼ਰੂਰੀ ਹੈ ਅਤੇ ਉਨ੍ਹਾਂ ਵਲੋਂ ਬੀ ਸੀ ਸੀਨੀਅਰਜ਼ ਗੇਮਜ਼ ਸੁਸਾਇਟੀ ਦੇ ਮੈਂਬਰ ਹੋਣਾ ਜ਼ਰੂਰੀ ਹੈ।

ਬੀ ਸੀ ਦੇ ਬਜ਼ੁਰਗਾਂ ਲਈ ਖੇਡਾਂ ਲਈ ਫੰਡ ਦੇਣ ਵਾਲੇ ਮੁੱਖ ਭਾਈਵਾਲਾਂ ਵਿਚੋਂ ਇਕ ਹੈ ਮਨਿਸਟਰੀ ਆਫ ਟੂਰਿਜ਼ਮ, ਸਪੋਰਟ ਐਂਡ ਦੀ ਆਰਟਸ।

ਵੈੱਬਸਾਈਟ www.bcseniorsgames.org

ਹੋਰ ਜਾਣਕਾਰੀ ਲਈ, ਬੀ ਸੀ ਗੇਮਜ਼ ਸੁਸਾਇਟੀ ਨਾਲ ਸੰਪਰਕ ਕਰੋ।

ਵਿਕਟੋਰੀਆ 250 385-3610

ਈਮੇਲ www.bcsgs@shaw.ca



# ਨਿੱਜੀ ਸੁਰੱਖਿਆ

ਬਜ਼ੁਰਗਾਂ ਦੀ ਤੰਦਰੁਸਤ ਰਹਿਣ ਵਿਚ ਮਦਦ ਕਰਨਾ

# ਬਜ਼ੁਰਗਾਂ ਲਈ ਸੇਵਾਵਾਂ


**ਨਿੱਜੀ ਸੁਰੱਖਿਆ** **65**

